## ਭਾਗ - 1

# ਭਾਸ਼ਾ ਅਤੇ ਪੰਜਾਬੀ ਭਾਸ਼ਾ

## 1.0 ਭਾਸ਼ਾ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ

ਭਾਸ਼ਾ ਸੰਚਾਰ ਦਾ ਮਾਧਿਅਮ ਹੈ। ਭਾਸ਼ਾ ਇਕ ਅਜਿਹੀ ਕਿਰਿਆ ਹੈ, ਜਿਹੜੀ ਇਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਨਾ ਕੇਵਲ ਜੋੜਦੀ ਹੈ, ਬਲਕਿ ਇਕ ਮਨੁੱਖ ਦੀ ਗੱਲ ਦੂਜੇ ਮਨੁੱਖ ਤੱਕ ਪਹੁੰਚਾਉਣ ਅਤੇ ਦੂਜੇ ਦੀ ਗੱਲ ਨੂੰ ਸਮਝਣ ਦਾ ਅਹਿਮ ਵਸੀਲਾ ਵੀ ਬਣਦੀ ਹੈ। ਭਾਸ਼ਾ ਇਕ ਸੰਚਾਰ ਪ੍ਰਬੰਧ ਹੈ, ਜਿਸ ਦਾ ਕਾਰਜ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਦੀ ਪੇਸ਼ਕਾਰੀ ਕਰਨਾ ਹੈ। ਭਾਸ਼ਾ ਸ਼ਬਦ ਦੀ ਉਤਪਤੀ ਸੰਸਕ੍ਰਿਤੀ ਧਾਤੂ 'ਭਾਸ਼' ਤੋਂ ਹੋਈ ਹੈ। ਇਸ ਦੇ ਸ਼ਾਬਦਿਕ ਅਰਥ ਹਨ—ਬੋਲਣਾ, ਕਹਿਣਾ ਜਾਂ ਸੰਬੋਧਨ ਕਰਨਾ। 'ਭਾਸ਼' ਧਾਤੂ ਰੂਪ ਨਾਲ /-ਆ/ ਇਸਤਰੀ ਲਿੰਗ ਪਿਛੇਤਰ ਜੁੜਿਆ ਹੈ, ਜਿਸ ਤੋਂ ਭਾਸ਼ਾ ਸ਼ਬਦ ਉਤਪੰਨ ਹੋਇਆ। ਭਾਸ਼ਾ ਦੇ ਸ਼ਾਬਦਿਕ ਅਰਥ ਹਨ—ਉਹ ਕਰਮ ਜਾਂ ਕਿਰਿਆ ਜੋ ਭਾਖਿਆ ਜਾਵੇ, ਭਾਵ ਬੋਲਿਆ ਜਾਵੇ। 'ਭਾਸ਼ਾ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Language' ਦਾ ਸਮਾਨਅਰਥਕ ਹੈ, ਜੋ ਲਾਤੀਨੀ ਸ਼ਬਦ 'Lingua' ਤੋਂ ਪੈਦਾ ਹੋਇਆ ਹੈ। ਇਸ ਸ਼ਬਦ ਦੇ ਅਰਥ ਹਨ—ਸੰਪਰਕ ਭਾਸ਼ਾ। ਭਾਸ਼ਾ ਵੱਖ-ਵੱਖ ਵਿਅਕਤੀਆਂ ਵਿਚਕਾਰ ਸੰਪਰਕ ਸਥਾਪਿਤ ਕਰਨ ਦਾ ਅਹਿਮ ਸਾਧਨ ਜਾਂ ਮਾਧਿਅਮ ਹੈ। ਇੰਜ ਭਾਸ਼ਾ ਸੰਚਾਰ ਦਾ ਸਿਸਟਮ ਹੈ। ਮਨੁੱਖ ਵੱਲੋਂ ਸੰਚਾਰ ਲਈ ਜਿਹਨਾਂ ਧੁਨੀਆਂ ਦਾ ਉਚਾਰਨ ਕੀਤਾ ਜਾਂਦਾ ਹੈ, ਉਹਨਾਂ ਧੁਨੀਆਂ ਦੇ ਸਮੂਹ ਨੂੰ 'ਭਾਸ਼ਾ' ਕਹਿੰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਧੁਨੀ ਚਿੰਨ੍ਹਾਂ ਦੀ ਸਿਸਟਮਬੱਧ ਰੂਪ ਵਿਚ ਪੇਸ਼ਕਾਰੀ ਹੈ।

ਭਾਸ਼ਾ ਸੰਬੰਧੀ ਵੱਖ-ਵੱਖ ਵਿਦਵਾਨਾਂ ਵੱਲੋਂ ਵੱਖ-ਵੱਖ ਵਿਚਾਰ ਪੇਸ਼ ਕੀਤੇ ਗਏ ਹਨ, ਜਿਹਨਾਂ ਦੇ ਆਧਾਰ ਉੱਤੇ ਭਾਸ਼ਾ ਨੂੰ ਪਰਿਭਾਸ਼ਾਬੱਧ ਕਰਦਿਆਂ ਨਿਮਨਲਿਖਤ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ:

- ਭਾਸ਼ਾ ਇਕ ਮਾਧਿਅਮ ਹੈ, ਜਿਸ ਦੁਆਰਾ ਇੱਛਾਵਾਂ ਅਤੇ ਵਿਚਾਰ ਪ੍ਰਗਟਾਏ ਜਾਂਦੇ ਹਨ।
- ਭਾਸ਼ਾ ਸੰਚਾਰ ਦਾ ਸਾਧਨ ਹੈ।
- ਭਾਸ਼ਾ ਮਨੁੱਖੀ ਸੰਚਾਰ ਦਾ ਇਕ ਖ਼ਾਲਸ ਅਤੇ ਗ਼ੈਰ-ਜਮਾਂਦਰੂ ਢੰਗ ਹੈ।
- ਭਾਸ਼ਾ ਇਕ ਸਿਸਟਮ ਜਾਂ ਵਿਵਸਥਾ ਹੈ।
- ਭਾਸ਼ਾ ਆਪਹੁਦਰੇ ਧੁਨੀ ਚਿੰਨ੍ਹਾਂ ਦਾ ਸਿਸਟਮ ਹੈ।

* ਭਾਸ਼ਾ ਇਕ ਸੰਸਥਾ ਹੈ।
* ਭਾਸ਼ਾ ਵਾਕਾਂ ਦਾ ਸਮੂਹ ਹੈ।
* ਧੁਨੀ ਚਿੰਨ੍ਹਾਂ ਦੀ ਸਮੁੱਚਤਾ ਭਾਸ਼ਾ ਹੈ।

ਇਸ ਤਰ੍ਹਾਂ ਭਾਸ਼ਾ ਵਿਗਿਆਨੀਆਂ ਦੁਆਰਾ ਪੇਸ਼ ਕੀਤੇ ਗਏ ਵਿਚਾਰਾਂ ਦੇ ਆਧਾਰ ਉੱਤੇ ਜਿਹੜੇ ਨੁਕਤੇ ਉਭਰ ਕੇ ਸਾਹਮਣੇ ਆਏ ਹਨ, ਉਹਨਾਂ ਦੀ ਰੌਸ਼ਨੀ ਵਿਚ ਭਾਸ਼ਾ ਦੀ ਪ੍ਰਕਿਰਤੀ ਨੂੰ ਸਮਝਿਆ ਜਾ ਸਕਦਾ ਹੈ।

'ਪ੍ਰਕਿਰਤੀ' ਤੋਂ ਭਾਵ ਉਹਨਾਂ ਗੁਣਾਂ, ਲੱਛਣਾਂ, ਵਿਸ਼ੇਸ਼ਤਾਵਾਂ ਜਾਂ ਸੁਭਾਅ ਦੇ ਅਹਿਮ ਪੱਖਾਂ ਜਾਂ ਪਹਿਲੂਆਂ ਤੋਂ ਲਿਆ ਜਾ ਸਕਦਾ ਹੈ, ਜਿਹੜੇ ਕਿਸੇ ਵਸਤੂਗਤ ਹੋਂਦ ਨੂੰ ਹੋਰਨਾਂ ਨਾਲੋਂ ਨਿਖੇੜ ਕੇ ਉਸ ਨੂੰ ਵਿਲੱਖਣ, ਨਿਵੇਕਲੀ ਅਤੇ ਅਹਿਮ ਹੋਂਦ ਪ੍ਰਦਾਨ ਕਰਦੇ ਹਨ। ਭਾਸ਼ਾ ਵਿਲੱਖਣ ਪ੍ਰਕਿਰਤੀ ਦੀ ਧਾਰਨੀ ਹੈ। ਭਾਸ਼ਾ ਦੀ ਪ੍ਰਕਿਰਤੀ ਅਧੀਨ ਨਿਮਨਲਿਖਤ ਤੱਥ ਵਿਚਾਰੇ ਜਾ ਸਕਦੇ ਹਨ:

(1) **ਸੰਚਾਰਾਤਮਕ ਮਾਧਿਅਮ :** ਭਾਸ਼ਾ ਸੰਚਾਰ ਦਾ ਪ੍ਰਮੁੱਖ ਮਾਧਿਅਮ ਹੈ। ਬੇਸ਼ੱਕ ਸੰਚਾਰ ਦੇ ਕਈ ਹੋਰ ਰੂਪ ਵੀ ਹਨ—ਸਰੀਰਕ ਮੁਦਰਾਵਾਂ, ਸੈਨਤਾਂ, ਇਸ਼ਾਰੇ ਆਦਿ। ਪਰੰਤੂ ਇਹ ਸਾਰੇ ਗ਼ੈਰ-ਭਾਸ਼ਾਈ ਸੰਚਾਰ ਹਨ, ਜਦ ਕਿ ਇਹਨਾਂ ਨਾਲੋਂ ਭਾਸ਼ਾਈ ਸੰਚਾਰ ਦਾ ਰੋਲ ਅਹਿਮ ਹੈ। ਭਾਸ਼ਾਈ ਸੰਚਾਰ ਰੂਪ ਭਾਸ਼ਾ ਸਮਾਜਿਕ ਸਾਂਝ ਨੂੰ ਕਾਇਮ ਕਰਨ ਦਾ ਵਿਸ਼ੇਸ਼ ਸਾਧਨ ਹੈ। ਭਾਸ਼ਾ ਮਨੁੱਖ ਨੂੰ ਦੂਜੇ ਮਨੁੱਖਾਂ ਨਾਲ ਜੋੜਨ, ਸਮਾਜ ਵਿਚ ਵਿਚਰਨ ਅਤੇ ਸਮਾਜ ਦਾ ਅੰਗ ਬਣਨ ਵਿਚ ਸਹਾਇਕ ਸਰੋਤ ਵਜੋਂ ਕਾਰਜਸ਼ੀਲ ਰਹਿੰਦੀ ਹੈ।

(2) **ਉਚਾਰਮੁਖੀ ਸਰੂਪ :** ਭਾਸ਼ਾ ਦਾ ਵਾਸਤਵਿਕ ਸਰੂਪ ਉਚਾਰਮੁਖੀ ਹੈ ਜਾਂ ਇਹ ਵੀ ਕਹਿ ਸਕਦੇ ਹਾਂ ਕਿ ਇਸ ਦਾ ਸਰੂਪ ਮੌਖਿਕ ਸੰਚਾਰ ਹੈ। ਮੂੰਹ ਦੁਆਰਾ ਉਚਾਰੀਆਂ ਗਈਆਂ ਧੁਨੀਆਂ ਹੀ ਭਾਸ਼ਾ ਦੀ ਸਹੀ ਪ੍ਰਤੀਨਿੱਧਤਾ ਕਰਦੀਆਂ ਹਨ। ਅਸਲ ਵਿਚ ਭਾਸ਼ਾ ਮੂਲ ਰੂਪ ਵਿਚ ਮੌਖਿਕ ਉਚਾਰ ਹੈ, ਜਦ ਕਿ ਲਿਖਤ ਤਾਂ ਗੌਣ ਜਾਂ ਦੂਜੀ ਪੱਧਰ ਉੱਤੇ ਹੈ। ਉਚਾਰ ਤੋਂ ਬਿਨਾਂ ਭਾਸ਼ਾਈ ਵਿਕਾਸ ਸੰਭਵ ਨਹੀਂ। ਭਾਸ਼ਾ ਦੇ ਇਤਿਹਾਸਕ ਵਿਕਾਸ ਵਿਚ ਭਾਸ਼ਾ ਦਾ ਮੌਖਿਕ ਜਾਂ ਉਚਾਰਮੁਖੀ ਰੂਪ ਹੀ ਪਹਿਲਾਂ ਆਉਂਦਾ ਹੈ ਅਤੇ ਲਿਖਤੀ ਰੂਪ ਉਸ ਤੋਂ ਬਾਅਦ ਵਿਚ। ਇਕ ਨਵ-ਜਨਮਿਆ ਬੱਚਾ ਵੀ ਪਹਿਲਾਂ ਭਾਸ਼ਾ ਨੂੰ ਬੋਲਣੀ ਸਿੱਖਦਾ ਹੈ, ਨਾ ਕਿ ਲਿਖਣਾ।

(3) **ਆਪਹੁਦਰੀ ਅਤੇ ਪਰਿਵਰਤਨਸ਼ੀਲ :** ਭਾਸ਼ਾ ਆਪਹੁਦਰੀ ਪ੍ਰਣਾਲੀ ਹੈ। ਕਿਸੇ ਧੁਨੀ (ਸ਼ਬਦ) ਅਤੇ ਵਸਤੂ (ਸੰਕਲਪ) ਵਿਚਕਾਰ ਕੋਈ ਜਨਮਜਾਤ ਰਿਸ਼ਤਾ ਨਹੀਂ ਹੁੰਦਾ, ਬਲਕਿ ਕਿਸੇ ਵਸਤੂ ਲਈ ਵਿਸ਼ੇਸ਼ ਅਤੇ ਵੱਖ-ਵੱਖ ਸ਼ਬਦਾਂ ਦਾ ਪ੍ਰਚਲਨ ਇਸ ਦੇ ਆਪਹੁਦਰੇ ਸਰੂਪ ਨੂੰ ਪੇਸ਼ ਕਰਦਾ ਹੈ। ਭਾਵ ਕਿਸੇ ਵਸਤੂ ਲਈ ਵੱਖ-ਵੱਖ ਸ਼ਬਦਾਂ ਦੀ ਵਰਤੋਂ ਤਰਕ ਉੱਤੇ ਆਧਾਰਿਤ ਨਹੀਂ ਹੁੰਦੀ। ਹਰੇਕ ਭਾਸ਼ਾ ਵਿਚ ਕੁਝ ਕੁ ਸ਼ਬਦ ਅਜਿਹੇ ਹੁੰਦੇ ਹਨ, ਜੋ ਧੁਨੀ ਅਤੇ ਅਰਥ ਪੱਧਰ ਉੱਤੇ ਤਰਕ-ਸੰਗਤ ਪ੍ਰਤੀਤ ਹੁੰਦੇ ਹਨ। ਇਸ ਦੇ ਨਾਲ ਹੀ ਭਾਸ਼ਾ ਇਕ

ਪਰਿਵਰਤਨਸ਼ੀਲ ਪ੍ਰਕਿਰਿਆ ਹੈ। ਭਾਸ਼ਾ ਦਾ ਅਜੋਕਾ ਰੂਪ ਇਸ ਦੇ ਪੁਰਾਤਨ ਰੂਪ ਨਾਲੋਂ ਵੱਖਰਤਾ ਰੱਖਦਾ ਹੈ। ਅਜੋਕੀ ਭਾਸ਼ਾ ਆਪਣੇ ਪਰਿਵਰਤਿਤ ਰੂਪ ਵਿਚ ਮਿਲਦੀ ਹੈ। ਭਾਸ਼ਾ ਇਕ ਅਜਿਹਾ ਪ੍ਰਬੰਧ ਜਾਂ ਸਿਸਟਮ ਹੈ, ਜਿਸ ਵਿਚ ਸਮੇਂ ਅਤੇ ਲੋੜ ਅਨੁਸਾਰ ਵਾਧਾ-ਘਾਟਾ ਹੁੰਦਾ ਰਹਿੰਦਾ ਹੈ।

(4) **ਦੋਹਰੀ ਹੋਂਦ ਜਾਂ ਪ੍ਰਕਿਰਤੀ** : ਭਾਸ਼ਾ ਦੋਹਰੀ ਪ੍ਰਕਿਰਤੀ ਦੀ ਧਾਰਨੀ ਹੈ। ਭਾਵ ਭਾਸ਼ਾ ਦੀ ਹੋਂਦ ਦੋਹਰੀ ਹੈ। ਜਿੱਥੇ ਭਾਸ਼ਾ ਦਾ ਇਕ ਪੱਖ ਧੁਨੀਆਤਮਕ ਹੈ, ਉਥੇ ਇਸ ਦਾ ਦੂਜਾ ਪੱਖ ਰੂਪਾਤਮਕ ਹੈ। ਭਾਵ ਮਨੁੱਖੀ ਭਾਸ਼ਾ ਧੁਨੀ ਤੋਂ ਰੂਪ ਦੇ ਮਾਧਿਅਮ ਰਾਹੀਂ ਅਰਥਾਂ ਦਾ ਸੰਚਾਰ ਕਰਦੀ ਹੈ। ਭਾਸ਼ਾ ਧੁਨੀ ਚਿੰਨ੍ਹਾਂ ਦੇ ਮਾਧਿਅਮ ਰਾਹੀਂ ਸੰਦੇਸ਼ ਦਾ ਸੰਚਾਰ ਕਰਦੀ ਹੈ। ਭਾਸ਼ਾ ਦੀ ਇਸੇ ਪ੍ਰਕਿਰਤੀ ਸਦਕਾ ਅੰਤਰ-ਵਟਾਂਦਰਾ ਸੰਭਵ ਹੁੰਦਾ ਹੈ।

(5) **ਸਿਰਜਨਾਤਮਕ** : ਭਾਸ਼ਾ ਦੀ ਵਿਸ਼ੇਸ਼ਤਾ ਇਸ ਦੀ ਸਿਰਜਨਾਤਮਕਤਾ ਵਿਚ ਨਿਹਿਤ (ਛੁਪੀ) ਹੈ। ਭਾਵ ਭਾਸ਼ਾ ਸਿਰਜਨਾਤਮਕ ਜਾਂ ਉਤਪਾਦਨਸ਼ੀਲ ਹੈ। ਭਾਸ਼ਾ ਦੀ ਸਿਰਜਨਾਤਮਕਤਾ ਤੋਂ ਭਾਵ ਮਨੁੱਖ ਦੀ ਭਾਸ਼ਾਈ ਯੋਗਤਾ ਤੋਂ ਹੈ, ਜਿਸ ਦੇ ਆਧਾਰ ਉੱਤੇ ਉਹ ਕਈ ਅਜਿਹੀ ਭਾਸ਼ਾਈ ਬਣਤਰਾਂ ਨੂੰ ਸਿਰਜ ਸਕਦਾ ਅਤੇ ਸਮਝ ਸਕਦਾ ਹੈ, ਜੋ ਉਸ ਨੇ ਪਹਿਲਾਂ ਕਦੇ ਸੁਣੀਆਂ ਨਾ ਹੋਣ। ਅਸੀਂ ਰੋਜ਼ਾਨਾ ਅਸੀਮਤ ਵਾਕਾਂ ਦੀ ਵਰਤੋਂ ਕਰਦੇ ਹਾਂ, ਕਦੇ ਅਸੀਂ ਅਜਿਹੇ ਵਾਕ ਵੀ ਉਚਾਰ ਲੈਂਦੇ ਹਾਂ, ਜਿਹੜੇ ਅਸੀਂ ਪਹਿਲਾਂ ਕਦੇ ਉਚਾਰੇ ਵੀ ਨਹੀਂ ਹੁੰਦੇ। ਅਜਿਹੇ ਵਾਕਾਂ ਦੀ ਸਿਰਜਨਾ ਅਸੀਂ ਬਿਨਾਂ ਕਿਸੇ ਵਿਆਕਰਨਕ ਨਿਯਮਾਂ ਦੇ ਸਹਿਜ ਸੁਭਾ ਹੀ ਕਰਦੇ ਹਾਂ। ਇਹੀ ਭਾਸ਼ਾ ਦੀ ਸਿਰਜਨਾਤਮਕ ਸ਼ਕਤੀ ਹੈ।

(6) **ਵਿਆਕਰਨਕ ਵਿਵਸਥਾ** : ਭਾਸ਼ਾ ਇਕ ਵਿਆਕਰਨਕ ਵਿਵਸਥਾ ਹੈ। ਇਸ ਵਿਆਕਰਨਕ ਵਿਵਸਥਾ ਦੇ ਪਰਿਣਾਮ ਸਰੂਪ ਭਾਸ਼ਾ ਸੰਚਾਰ ਦਾ ਇਕ ਪ੍ਰਭਾਵਸ਼ਾਲੀ ਮਾਧਿਅਮ ਬਣਦੀ ਹੈ। ਭਾਵ ਭਾਸ਼ਾ ਇਕ ਸਿਸਟਮਬੱਧ ਵਿਆਕਰਨਕ ਵਿਵਸਥਾ ਹੈ, ਜਿਸ ਪਿੱਛੇ ਕੁਝ ਵਿਆਕਰਨਕ ਨਿਯਮ ਕਾਰਜ ਕਰ ਰਹੇ ਹੁੰਦੇ ਹਨ। ਮਿਸਾਲ ਵਜੋਂ ਵਾਕ ਭਾਸ਼ਾ ਦੀ ਮਹੱਤਵਪੂਰਨ ਵਿਆਕਰਨਕ ਇਕਾਈ ਹੈ, ਜਿਸ ਦੇ ਅੰਤਰਗਤ ਸ਼ਬਦ ਇਕ ਨਿਸ਼ਚਿਤ ਤਰਤੀਬ ਵਿਚ ਵਿਚਰਦੇ ਹਨ। ਕੇਵਲ ਸ਼ਬਦ ਹੀ ਨਹੀਂ ਉਪਵਾਕ, ਵਾਕੰਸ਼ ਅਤੇ ਭਾਵੰਸ਼ ਵੀ ਇਸ ਵਿਆਕਰਨਕ ਇਕਾਈ ਦਾ ਅਹਿਮ ਹਿੱਸਾ ਹੁੰਦੇ ਹਨ। ਇਹ ਸਾਰੀਆਂ ਵਿਆਕਰਨਕ ਇਕਾਈਆਂ ਮਿਲ ਕੇ ਸਭ ਤੋਂ ਵੱਡੀ ਇਕਾਈ 'ਵਾਕ' ਦੀ ਸਿਰਜਨਾ ਕਰਦੀਆਂ ਹਨ।

(7) **ਚਿੰਨ੍ਹਾਤਮਕ ਪ੍ਰਕਿਰਤੀ** : ਭਾਸ਼ਾ ਦੀ ਪ੍ਰਕਿਰਤੀ ਚਿੰਨ੍ਹਾਤਮਕ ਹੈ। ਮਨੁੱਖ ਭਾਸ਼ਾਈ ਚਿੰਨ੍ਹਾਂ ਦੇ ਮਾਧਿਅਮ ਦੁਆਰਾ ਵਿਭਿੰਨ ਧੰਦਿਆਂ ਵਿਚ ਅਸੀਮਤ ਸੰਦੇਸ਼ ਜਾਂ ਸੂਚਨਾ ਦਾ ਸੰਚਾਰ ਕਰ ਸਕਦਾ ਹੈ। ਇਸ ਦੇ ਉਲਟ ਪਸ਼ੂਆਂ ਦੀ ਸੂਚਨਾ ਪ੍ਰਣਾਲੀ ਵਿਚ ਸੀਮਤ ਚਿੰਨ੍ਹਾਂ ਦੁਆਰਾ ਸੀਮਤ ਸੰਦੇਸ਼ਾਂ ਦਾ ਹੀ ਸੰਚਾਰ ਹੁੰਦਾ

ਹੈ। ਭਾਵ ਮਨੁੱਖੀ ਚਿੰਨ੍ਹ ਨਿਖੜਵੇਂ ਹੁੰਦੇ ਹਨ, ਜਦ ਕਿ ਪਸ਼ੂ ਭਾਸ਼ਾ (ਧੁਨੀਆਂ) ਦੇ ਚਿੰਨ੍ਹ ਜੁੜਵੇਂ ਹੁੰਦੇ ਹਨ। ਮਨੁੱਖੀ ਭਾਸ਼ਾ ਦੇ ਉਚਾਰਨ (ਕਥਨ ਸਾਮਗਰੀ) ਨੂੰ ਅੱਡ-ਅੱਡ ਕਰਕੇ ਵਿਭਿੰਨ ਇਕਾਈਆਂ ਵਿਚ ਵੰਡ ਸਕਦੇ ਹਾਂ। ਇਹ ਵਿਭਿੰਨ ਇਕਾਈਆਂ ਹੀ ਚਿੰਨ੍ਹ ਹੁੰਦੇ ਹਨ। ਪਰੰਤੂ ਪਸ਼ੂ ਭਾਸ਼ਾ ਦੀ ਚਿੰਨ੍ਹ ਰੂਪ ਆਵਾਜ਼ (ਧੁਨੀ) ਨੂੰ ਅਸੀਂ ਅੱਡ-ਅੱਡ ਨਿਖੇੜ ਨਹੀਂ ਸਕਦੇ।

ਉਪਰੋਕਤ ਲੱਛਣ ਭਾਸ਼ਾ ਨੂੰ ਮਨੁੱਖ ਦੀ ਸਰੋਵਤਮ ਪ੍ਰਾਪਤੀ ਦੇ ਰੂਪ ਵਿਚ ਪੇਸ਼ ਕਰਦੇ ਹਨ, ਜਿਹਨਾਂ ਨੂੰ ਨਿਮਨ ਆਰੇਖ ਦੁਆਰਾ ਪ੍ਰਗਟਾਇਆ ਜਾ ਸਕਦਾ ਹੈ:

**ਭਾਸ਼ਾ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ**




## 1.1 ਭਾਸ਼ਾ ਵੰਨਗੀਆਂ

**ਭਾਸ਼ਾ**

ਭਾਸ਼ਾ ਸੰਚਾਰ ਦਾ ਪ੍ਰਮੁੱਖ ਸਾਧਨ ਹੈ। ਮਨੁੱਖ ਆਪਣੇ ਮਨ ਦੇ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟਾਉਂਦਾ ਹੈ। ਭਾਸ਼ਾ ਇਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਮਨੁੱਖ ਦੀ ਸਮਾਜਿਕ ਲੋੜ ਹੈ। ਇਸਦੀ ਮਨੁੱਖ ਦੇ ਸਮਾਜਿਕ ਵਿਕਾਸ ਵਿਚ ਅਹਿਮ ਭੂਮਿਕਾ ਹੈ। ਭਾਸ਼ਾ ਦੁਆਰਾ ਹੀ ਮਨੁੱਖ ਨੇ ਸਮਾਜ ਵਿਚ ਆਪਣੀ ਵੱਖਰੀ ਅਤੇ ਪਛਾਣਨਯੋਗ ਥਾਂ ਬਣਾਈ ਹੈ।

## ਭਾਸ਼ਾ ਵੰਨਗੀਆਂ

ਮਨੁੱਖੀ ਭਾਸ਼ਾ ਦੇ ਬਹੁਤ ਵੱਡੇ ਖੇਤਰ ਵਿਚ ਭਾਸ਼ਾਈ ਵੱਖਰੇਵਾਂ ਆਮ ਵੇਖਿਆ ਜਾ ਸਕਦਾ ਹੈ। ਵੱਖ-ਵੱਖ ਮਹਾਂਦੀਪਾਂ ਦੀ ਭਾਸ਼ਾ ਵਿਚ ਬਿਲਕੁਲ ਵੱਖਰਤਾ ਹੁੰਦੀ ਹੈ। ਅੱਗੋ ਇਕ ਮਹਾਂਦੀਪ ਦੇ ਘੇਰੇ ਵਿਚ ਆਉਣ ਵਾਲੇ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਵੀ ਵੱਖਰਤਾ ਪਾਈ ਜਾਂਦੀ ਹੈ। ਇਸੇ ਤਰ੍ਹਾਂ ਇਕ ਦੇਸ਼ ਦੇ ਅੰਤਰਗਤ ਆਉਣ ਵਾਲੇ ਰਾਜਾਂ ਵਿਚ ਵੀ ਭਾਸ਼ਾਈ ਵੱਖਰੇਵਾਂ ਹੁੰਦਾ ਹੈ। ਇਥੋਂ ਤਕ ਕਿ ਇਕ ਰਾਜ ਦੇ ਨੇੜਲੇ ਖੇਤਰਾਂ ਵਿਚ ਹੀ ਭਾਸ਼ਾਈ ਵੱਖਰਤਾ ਪਾਈ ਜਾਂਦੀ ਹੈ, ਬਲਕਿ ਇਕ ਖੇਤਰ ਨਾਲ ਸੰਬੰਧ ਰੱਖਣ ਵਾਲੇ ਵਿਅਕਤੀਆਂ ਦੀ ਭਾਸ਼ਾ ਵਿਚ ਵੀ ਭਾਸ਼ਾਈ ਵੱਖਰਤਾ ਹੁੰਦੀ ਹੈ। ਇਸ ਭਾਸ਼ਾਈ ਵੱਖਰਤਾ ਦੇ ਆਧਾਰ ਉੱਤੇ ਹੀ 'ਭਾਸ਼ਾ ਵੰਨਗੀਆਂ' ਹੋਂਦ ਵਿਚ ਆਉਂਦੀਆਂ ਹਨ। ਇੰਜ ਭਾਸ਼ਾ ਵੰਨਗੀਆਂ ਤੋਂ ਭਾਵ ਇਕ ਹੀ ਸਮਾਜ ਦੀ ਭਾਸ਼ਾ ਵਿਚ ਸਮੇਂ, ਸਥਾਨ ਅਤੇ ਸਥਿਤੀਆਂ ਅਨੁਸਾਰ ਪੈਦਾ ਹੋਏ ਭਾਸ਼ਾਈ ਰੂਪਾਂ ਤੋਂ ਹੈ। ਇਹਨਾਂ ਭਾਸ਼ਾ ਵੰਨਗੀਆਂ ਨੂੰ ਮੁੱਖ ਰੂਪ ਵਿਚ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

## 1.1.1. ਵਿਅਕਤੀਗਤ ਵੰਨਗੀਆਂ

ਕਿਸੇ ਵਿਅਕਤੀ ਦੇ ਨਿੱਜੀ ਬੋਲਣ ਢੰਗ ਨੂੰ ਹੀ 'ਵਿਅਕਤੀ ਭਾਸ਼ਾ' ਕਿਹਾ ਜਾਂਦਾ ਹੈ। ਹਰੇਕ ਵਿਅਕਤੀ ਦੀ ਭਾਸ਼ਾ ਵਿਚ ਵੱਖਰਤਾ ਪਾਈ ਜਾਂਦੀ ਹੈ। ਉਮਰ, ਲਿੰਗ, ਕਿੱਤਾ, ਘਰੇਲੂ ਵਾਤਾਵਰਣ ਅਤੇ ਸਮਾਜਿਕ ਪੱਧਰ ਕਿਸੇ ਵਿਅਕਤੀ ਦੀ ਭਾਸ਼ਾਈ ਵੱਖਰਤਾ ਨੂੰ ਨਿਰਧਾਰਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹਨਾਂ ਦੇ ਆਧਾਰ ਉੱਤੇ ਵਿਅਕਤੀ ਭਾਸ਼ਾ ਦੀਆਂ ਨਿਮਨਲਿਖਤ ਵੰਨਗੀਆਂ ਸਥਾਪਿਤ ਕੀਤੀਆਂ ਜਾ ਸਕਦੀਆਂ ਹਨ :

### • ਉਮਰ ਆਧਾਰਿਤ ਭਾਸ਼ਾਈ ਵੰਨਗੀਆਂ

ਮਨੁੱਖ ਇਕ ਸਮਾਜਿਕ ਜੀਵ ਹੈ। ਉਹ ਭਾਸ਼ਾ ਸਮਾਜ ਵਿੱਚੋਂ ਹੀ ਗ੍ਰਹਿਣ ਕਰਦਾ ਭਾਵ ਸਿੱਖਦਾ ਹੈ। ਉਮਰ ਦੇ ਵਧਣ ਨਾਲ ਉਸ ਦੀ ਭਾਸ਼ਾ ਵਿਚ ਵੀ ਪਕਿਆਈ ਆਉਂਦੀ ਜਾਂਦੀ ਹੈ। ਇਸ ਆਧਾਰ ਉੱਤੇ ਹੀ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਦੀ ਭਾਸ਼ਾ ਵਿਚ ਵੱਖਰੇਵਾਂ ਪਾਇਆ ਜਾਂਦਾ ਹੈ। ਫਲਸਰੂਪ ਜਿੱਥੇ ਬੱਚਾ ਤੋਤਲੀ ਜ਼ੁਬਾਨ ਬੋਲਦਾ ਹੋਇਆ ਨਿੱਕੇ-ਨਿੱਕੇ ਟੁੱਟਵੇਂ ਵਾਕਾਂ ਦੀ ਵਰਤੋਂ ਕਰਦਾ ਹੈ, ਉਥੇ ਉਮਰ ਦੇ ਵਧਣ ਦੇ ਨਾਲ-ਨਾਲ ਉਸਦੀ ਭਾਸ਼ਾਈ ਯੋਗਤਾ ਅਤੇ ਸਮਰੱਥਾ ਵਿਚ ਵਾਧਾ ਹੁੰਦਾ ਜਾਂਦਾ ਹੈ। ਬੱਚੇ ਦੀ ਭਾਸ਼ਾ ਉਮਰ ਦੇ ਅਜਿਹੇ ਪੜਾਅ ਦੀ ਭਾਸ਼ਾ ਹੁੰਦੀ ਹੈ, ਜਿੱਥੇ ਵਿਹਾਰਕ ਅਨੁਭਵ ਦੀ ਘਾਟ ਹੁੰਦੀ ਹੈ। ਸੁਪਨੇ ਭਾਰੂ ਹੁੰਦੇ ਹਨ। ਖ਼ਿਆਲਾਂ ਵਿਚ ਪਕਿਆਈ ਨਹੀਂ ਹੁੰਦੀ। ਉਸ ਦੀ ਭਾਸ਼ਾਈ ਸ਼ਬਦਾਵਲੀ ਖਿਡੌਣਿਆਂ, ਖੇਡਾਂ, ਟੀ.ਵੀ., ਫ਼ਿਲਮਾਂ, ਮੋਬਾਇਲ ਆਦਿ ਨਾਲ ਸੰਬੰਧਿਤ ਹੁੰਦੀ ਹੈ। ਦੂਜੇ ਪਾਸੇ ਨੌਜਵਾਨਾਂ ਦੀ ਭਾਸ਼ਾ ਉਮਰ ਦੇ ਦੂਜੇ ਅਹਿਮ ਪੜਾਅ ਦੀ ਭਾਸ਼ਾ ਹੁੰਦੀ ਹੈ। ਇਹ ਸਮਾਂ ਸੁਪਨਿਆਂ ਨੂੰ ਵਿਹਾਰਕ ਰੂਪ ਵਿਚ ਸਾਕਾਰ ਕਰਨ ਦਾ ਹੁੰਦਾ ਹੈ। ਨੌਜਵਾਨ ਵਰਗ ਦੀ

ਭਾਸ਼ਾ ਵਧੇਰੇ ਕਰਕੇ ਵਿੱਦਿਆ, ਨੌਕਰੀ, ਸਮਾਜਿਕ ਰੁਤਬੇ, ਪਿਆਰ, ਰਾਜਨੀਤੀ, ਆਰਥਿਕਤਾ ਆਦਿ ਨਾਲ ਸੰਬੰਧਿਤ ਹੁੰਦੀ ਹੈ। ਜਦਕਿ ਬਜ਼ੁਰਗਾਂ ਦੀ ਭਾਸ਼ਾ ਵਿੱਚੋਂ ਉਹਨਾਂ ਦਾ ਜੀਵਨ ਤਜਰਬਾ ਛਲਕਦਾ ਹੈ। ਉਹਨਾਂ ਦੀ ਭਾਸ਼ਾ ਵਿਚ ਜੀਵਨ ਅਨੁਭਵ, ਜੀਵਨ ਸੱਚਾਈ, ਧਰਮ ਅਤੇ ਸਮਾਜ-ਸਭਿਆਚਾਰ ਦੀ ਪੇਸ਼ਕਾਰੀ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਵਧੇਰੇ ਮਿਲਦੀ ਹੈ।

- **ਲਿੰਗ ਆਧਾਰਿਤ ਭਾਸ਼ਾਈ ਵੰਨਗੀਆਂ**

ਲਿੰਗ ਵੱਖਰਤਾ ਦੇ ਆਧਾਰ ਉੱਤੇ ਵੀ ਭਾਸ਼ਾਈ ਵੱਖਰੇਵੇਂ ਵੇਖੇ ਜਾ ਸਕਦੇ ਹਨ। ਇਸ ਭਾਸ਼ਾਈ ਵੱਖਰੇਵੇਂ ਦੇ ਆਧਾਰ ਉੱਤੇ ਭਾਸ਼ਾਈ ਵੰਨਗੀ ਅਧੀਨ ਮਰਦ-ਵਰਗ ਅਤੇ ਔਰਤ-ਵਰਗ ਦੀ ਭਾਸ਼ਾ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਦੋਵਾਂ ਵਰਗਾਂ ਦੀ ਭਾਸ਼ਾਈ ਵੱਖਰਤਾ ਦਾ ਮੂਲ ਕਾਰਨ ਭਾਸ਼ਾਈ ਲਹਿਜ਼ਾ ਹੈ। ਭਾਵ ਭਾਸ਼ਾਈ ਲਹਿਜ਼ੇ ਪੱਖੋਂ ਮਰਦ ਅਤੇ ਔਰਤ ਦੀ ਭਾਸ਼ਾ ਵਿਚ ਅੰਤਰ ਹੁੰਦਾ ਹੈ। ਔਰਤ ਦੀ ਆਵਾਜ਼ ਮਰਦ ਦੇ ਮੁਕਾਬਲਤਨ ਵਧੇਰੇ ਪਤਲੀ (ਬਾਰੀਕ) ਅਤੇ ਤਿੱਖੀ ਹੁੰਦੀ ਹੈ। ਇਸ ਦਾ ਪ੍ਰਮੁੱਖ ਕਾਰਨ ਨਾਦ-ਤੰਤਰੀਆਂ (ਵਾਕਲ ਕਾਰਡਜ਼) ਦਾ ਵਧੇਰੇ ਰਫ਼ਤਾਰ ਨਾਲ ਥਰਥਰਾਉਣਾ ਹੈ। ਫਲਸਰੂਪ ਔਰਤਾਂ ਦੀ ਪਿੱਚ ਮਰਦਾਂ ਦੇ ਮੁਕਾਬਲੇ ਵੱਧ ਜਾਂਦੀ ਹੈ। ਦੂਜੇ ਪਾਸੇ ਮਰਦ ਦੀ ਆਵਾਜ਼ ਦੀ ਪਿੱਚ ਘੱਟ ਹੋਣ ਕਾਰਨ ਉਹ ਵਧੇਰੇ ਭਾਰੀ ਹੁੰਦੀ ਹੈ। ਮਰਦ ਦੀ ਆਵਾਜ਼ ਅਤੇ ਭਾਸ਼ਾ ਵਿਚ ਜਿੱਥੇ ਰੌਅਬ ਝਲਕਦਾ ਹੈ, ਉਥੇ ਔਰਤ ਦੀ ਆਵਾਜ਼ ਅਤੇ ਭਾਸ਼ਾ ਵਿਚ ਨਜ਼ਾਕਤ ਅਤੇ ਹਲੀਮੀ ਝਲਕਦੀ ਹੈ। ਭਾਸ਼ਾਈ ਲਹਿਜ਼ੇ ਦੇ ਨਾਲ-ਨਾਲ ਭਾਸ਼ਾ ਸ਼ਬਦਾਵਲੀ ਪੱਖੋਂ ਵੀ ਦੋਵਾਂ ਵਰਗਾਂ ਦੀ ਭਾਸ਼ਾ ਵਿਚ ਵੱਖਰਤਾ ਵੇਖੀ ਜਾ ਸਕਦੀ ਹੈ। ਜਿੱਥੇ ਔਰਤ ਖੁੱਲ੍ਹੀ ਸ਼ਬਦਾਵਲੀ ਦੀ ਵਰਤੋਂ ਕਰਨ ਤੋਂ ਸੰਕੋਚ ਕਰਦੀ ਹੈ, ਉਥੇ ਮਰਦ ਨਿਰਸੰਕੋਚ ਇਸ ਦੀ ਵਰਤੋਂ ਕਰਦੇ ਹਨ।

- **ਵਰਤੋਂ ਆਧਾਰਿਤ ਭਾਸ਼ਾਈ ਵੰਨਗੀਆਂ**

ਭਾਸ਼ਾ ਦੀ ਵਰਤੋਂ ਦੇ ਆਧਾਰ ਉੱਤੇ ਇਸ ਦੀਆਂ ਮੁੱਖ ਤਿੰਨ ਵੰਨਗੀਆਂ ਸਥਾਪਿਤ ਕੀਤੀਆਂ ਜਾ ਸਕਦੀਆਂ ਹਨ :

**(ੳ) ਰਜਿਸਟਰ**

ਕੁਝ ਵਿਸ਼ੇਸ਼ ਮੌਕਿਆਂ ਜਾਂ ਪਰਿਸਥਿਤੀਆਂ ਉੱਤੇ ਵਿਅਕਤੀ ਆਪਣੀ ਭਾਸ਼ਾ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਹਿੱਤ ਵਿਸ਼ੇਸ਼ ਉਚਾਰਨ ਅਤੇ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ, ਜਿਸ ਨੂੰ 'ਰਜਿਸਟਰ' ਕਹਿੰਦੇ ਹਨ। ਇਹ ਇਕ ਪ੍ਰਕਾਰ ਦੀ ਤਕਨੀਕੀ ਭਾਸ਼ਾ ਹੁੰਦੀ ਹੈ, ਜਿਸ ਦੀ ਵਰਤੋਂ ਕਿਸੇ ਵਿਸ਼ੇਸ਼ ਕਿੱਤੇ ਨਾਲ ਸੰਬੰਧ ਰੱਖਣ ਵਾਲੇ ਵਰਗ ਦੁਆਰਾ ਕੀਤੀ ਜਾਂਦੀ ਹੈ। ਮਿਸਾਲ ਵਜੋਂ ਡਾਕਟਰ, ਵਕੀਲ, ਇੰਜੀਨੀਅਰ, ਪ੍ਰੋਫ਼ੈਸਰ, ਤਰਖਾਣ, ਲੁਹਾਰ ਆਦਿ ਵੱਖ-ਵੱਖ ਕਿੱਤਿਆਂ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਇਕ ਖ਼ਾਸ ਕਿਸਮ ਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ।

**(ਅ) ਅਪਭਾਸ਼ਾ**

ਅਪਭਾਸ਼ਾ ਨੂੰ 'ਸਲੈਂਗ' ਜਾਂ 'ਅਸ਼ਲੀਲ ਭਾਸ਼ਾ' ਦਾ ਨਾਂ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਭਾਸ਼ਾ ਦਾ ਅਜਿਹਾ ਰੂਪ ਹੈ, ਜਿਸ ਨੂੰ ਰਸਮੀ ਭਾਸ਼ਾ ਦਾ ਹਿੱਸਾ ਨਹੀਂ ਮੰਨਿਆ ਜਾਂਦਾ। ਇਹ ਭਾਸ਼ਾ ਅਸਭਿਅਕ ਅਰਥਾਂ ਦੀ ਧਾਰਨੀ ਹੈ। ਇਸ ਵਿਚਲੇ ਸ਼ਬਦ ਵਿਅੰਗ, ਨਿੰਦਿਆ, ਚੁਗਲੀ, ਗਾਲੀ-ਗਲੋਚ, ਵਾਸ਼ਨਾ ਆਦਿ ਦੇ ਸੂਚਕ ਹੁੰਦੇ ਹਨ। ਮੂਲ ਰੂਪ ਵਿਚ ਇਸ ਨੂੰ ਸਿਆਣਿਆਂ-ਸਮਝਦਾਰਾਂ ਦੀ ਭਾਸ਼ਾ ਨਹੀਂ ਸਮਝਿਆ ਜਾਂਦਾ।

**(ੲ) ਗੁਪਤ ਭਾਸ਼ਾ**

ਗੁਪਤ ਭਾਸ਼ਾ, ਭਾਸ਼ਾ ਦਾ ਸੀਮਤ ਰੂਪ ਹੈ। ਭਾਵ ਇਸ ਦੀ ਵਰਤੋਂ ਕਰਨ ਵਾਲੇ ਵਿਅਕਤੀ ਸਮੂਹ ਦੀ ਗਿਣਤੀ ਸੀਮਤ ਹੁੰਦੀ ਹੈ। ਗੁਪਤ ਭਾਸ਼ਾ ਨੂੰ 'ਪ੍ਰਤੀਕਾਤਮਕ ਭਾਸ਼ਾ' ਵੀ ਕਿਹਾ ਜਾਂਦਾ ਹੈ। ਜਿਸ ਭਾਸ਼ਾ ਦੀ ਵਰਤੋਂ ਵਿਸ਼ੇਸ਼ ਭਾਸ਼ਾਈ ਸਮੂਹ ਦੁਆਰਾ ਆਪਣੀ ਗੱਲਬਾਤ ਨੂੰ ਦੂਜੇ ਵਿਅਕਤੀਆਂ ਤੋਂ ਗੁਪਤ ਰੱਖਣ ਲਈ ਕੀਤੀ ਜਾਂਦੀ ਹੈ, ਉਸ ਨੂੰ 'ਗੁਪਤ ਭਾਸ਼ਾ' ਕਿਹਾ ਜਾਂਦਾ ਹੈ। ਇਸ ਭਾਸ਼ਾ ਦੀ ਵਰਤੋਂ ਕਰਨ ਵਾਲਿਆਂ ਵਿਚ ਮੰਗਤੇ, ਕਬੀਲਾਈ ਲੋਕ, ਫ਼ੌਜੀ, ਨਿਹੰਗ ਆਦਿ ਸ਼ਾਮਿਲ ਹੁੰਦੇ ਹਨ।

## 1.1.2. ਖੇਤਰੀ ਵੰਨਗੀਆਂ

ਖੇਤਰੀ ਵੰਨਗੀਆਂ ਨੂੰ 'ਇਲਾਕਾਈ ਵੰਨਗੀਆਂ' ਵੀ ਕਿਹਾ ਜਾਂਦਾ ਹੈ। ਭੂਗੋਲਿਕ ਖੇਤਰ ਅਨੁਸਾਰ ਭਾਸ਼ਾਈ ਉਚਾਰਨ ਵਿਚਲੀ ਵੱਖਰਤਾ ਨੂੰ ਖੇਤਰੀ ਵੱਖਰੇਵਾਂ ਕਿਹਾ ਜਾਂਦਾ ਹੈ ਅਤੇ ਖੇਤਰੀ ਵੱਖਰੇਵੇਂ ਆਧਾਰਿਤ ਭਾਸ਼ਾਈ ਵੰਨਗੀਆਂ ਨੂੰ ਹੀ 'ਖੇਤਰੀ ਵੰਨਗੀਆਂ' ਕਹਿੰਦੇ ਹਨ। ਇਹਨਾਂ ਨੂੰ ਮੁੱਖ ਰੂਪ ਵਿਚ ਅੱਗੋਂ ਦੋ ਵੰਨਗੀਆਂ ਵਿਚ ਵੰਡਿਆ ਜਾ ਸਕਦਾ ਹੈ :

- **ਉਪਭਾਸ਼ਾ**

ਉਪਭਾਸ਼ਾ, ਭਾਸ਼ਾ ਦਾ ਖੇਤਰੀ ਰੂਪ ਹੈ। ਕਿਸੇ ਵਿਸ਼ੇਸ਼ ਖੇਤਰ ਜਾਂ ਇਲਾਕੇ ਵਿਚ ਭਾਸ਼ਾ ਦੇ ਜਿਹੜੇ ਰੂਪ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ 'ਉਪਭਾਸ਼ਾ' ਕਹਿੰਦੇ ਹਨ। ਉਪਭਾਸ਼ਾ ਆਪਣੇ ਭਾਸ਼ਾਈ ਲੱਛਣਾਂ ਕਰਕੇ ਕਿਸੇ ਵਿਸ਼ੇਸ਼ ਖਿੱਤੇ, ਇਲਾਕੇ ਜਾਂ ਖੇਤਰ ਦੀ ਪ੍ਰਤੀਨਿੱਧਤਾ ਕਰਨ ਵਾਲਾ ਭਾਸ਼ਾਈ ਰੂਪ ਹੈ। ਇੰਜ ਉਪਭਾਸ਼ਾ ਦਾ ਘੇਰਾ ਕਿਸੇ ਵਿਸ਼ੇਸ਼ ਇਲਾਕੇ ਤੱਕ ਹੀ ਸੀਮਤ ਹੁੰਦਾ ਹੈ। ਉਪਭਾਸ਼ਾ ਦਾ ਆਧਾਰ ਕੁਦਰਤੀ ਹੱਦਬੰਦੀਆਂ ਬਣਦੀਆਂ ਹਨ। ਪੰਜਾਬ ਦੀਆਂ ਉਪਭਾਸ਼ਾਵਾਂ ਮੋਟੇ ਰੂਪ ਵਿਚ ਪੰਜਾਬ ਦੇ ਦਰਿਆਵਾਂ ਦੇ ਇਲਾਕਿਆਂ ਵਿਚ ਪੁੰਗਰੀਆਂ ਹਨ।

- **ਟਕਸਾਲੀ ਭਾਸ਼ਾ**

ਟਕਸਾਲੀ ਭਾਸ਼ਾ ਨੂੰ 'ਸਟੈਂਡਰਡ ਭਾਸ਼ਾ' ਜਾਂ 'ਆਦਰਸ਼ਕ ਭਾਸ਼ਾ' ਵੀ ਕਿਹਾ ਜਾਂਦਾ ਹੈ। ਟਕਸਾਲੀ ਭਾਸ਼ਾ 'ਮੁੱਖ ਭਾਸ਼ਾ' ਵਜੋਂ ਜਾਣੀ ਜਾਂਦੀ ਹੈ। ਕਈ ਉਪ-ਭਾਸ਼ਾਵਾਂ

ਵਾਲੇ ਖੇਤਰ ਵਿਚ ਕਿਸੇ ਇਕ ਉਪਭਾਸ਼ਾ ਨੂੰ ਮੁੱਖ ਭਾਸ਼ਾ ਮੰਨ ਕੇ ਸਾਰੇ ਖੇਤਰ ਦਾ ਕਾਰ-ਵਿਹਾਰ ਉਸ ਮੁੱਖ ਭਾਸ਼ਾ ਦੁਆਰਾ ਹੀ ਕੀਤਾ ਜਾਂਦਾ ਹੈ। ਭਾਸ਼ਾ ਦੇ ਅਜਿਹੇ ਵਰਤੇ ਜਾਂਦੇ ਮੁੱਖ ਭਾਸ਼ਾਈ ਰੂਪ ਨੂੰ ਹੀ 'ਟਕਸਾਲੀ ਭਾਸ਼ਾ' ਦਾ ਨਾਂ ਦਿੱਤਾ ਗਿਆ ਹੈ। ਟਕਸਾਲੀ ਭਾਸ਼ਾ ਦੀ ਵਰਤੋਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ, ਰਾਜ ਪ੍ਰਬੰਧ, ਵਿੱਦਿਅਕ ਖੇਤਰ, ਪੜ੍ਹੇ-ਲਿਖੇ ਵਰਗ ਆਦਿ ਵਿਚ ਕੀਤੀ ਜਾਂਦੀ ਹੈ।

### 1.1.3. ਭਾਸ਼ਾਈ ਸੰਪਰਕ ਵੰਨਗੀਆਂ

ਜਦੋਂ ਦੋ ਭਾਸ਼ਾਵਾਂ ਇਕ-ਦੂਜੇ ਦੇ ਸੰਪਰਕ ਵਿਚ ਆਉਂਦੀਆਂ ਹਨ ਤਾਂ ਭਾਸ਼ਾਈ ਪਰਿਵਰਤਨ ਹੋਣਾ ਲਾਜ਼ਮੀ ਹੈ। ਭਾਸ਼ਾਈ ਸੰਪਰਕ ਦੀਆਂ ਸਥਿਤੀਆਂ ਦੇ ਆਧਾਰ ਉੱਤੇ ਦੋ ਭਾਸ਼ਾਈ ਵੰਨਗੀਆਂ ਹੋਂਦ ਵਿਚ ਆਉਂਦੀਆਂ ਹਨ:

- **ਪਿਜ਼ਿਨ**

ਜਦੋਂ ਦੋ ਵੱਖ-ਵੱਖ ਭਾਸ਼ਾ ਨੂੰ ਬੋਲਣ ਵਾਲੇ ਬੁਲਾਰੇ ਆਪਸੀ ਸੰਪਰਕ ਵਿਚ ਵਿਚਰਦੇ ਹਨ ਤਾਂ ਉਹ ਇਕ ਕੰਮ ਚਲਾਊ ਭਾਸ਼ਾ ਦੀ ਸਿਰਜਨਾ ਕਰ ਲੈਂਦੇ ਹਨ, ਜਿਸ ਨੂੰ 'ਪਿਜ਼ਿਨ' ਕਹਿੰਦੇ ਹਨ। ਇਹ ਇਕ ਪ੍ਰਕਾਰ ਦੀ ਮਿਲੀ-ਜੁਲੀ ਭਾਸ਼ਾ ਹੁੰਦੀ ਹੈ। ਅਸਲ ਵਿਚ ਜਦੋਂ ਦੋ ਵਕਤਿਆਂ (ਬੁਲਾਰਿਆਂ) ਵਿਚਕਾਰ ਕੋਈ ਸਾਂਝੀ ਭਾਸ਼ਾ ਨਾ ਹੋਵੇ ਤਾਂ ਉਹ ਵਕਤੀ ਰੂਪ ਵਿਚ ਸੰਚਾਰ ਲਈ ਇਕ ਨਵੀਂ ਮਿਲੀ-ਜੁਲੀ ਭਾਸ਼ਾ ਦੀ ਵਰਤੋਂ ਕਰਦੇ ਹਨ। ਇਸ ਭਾਸ਼ਾਈ ਰੂਪ ਨੂੰ ਹੀ 'ਪਿਜ਼ਿਨ' ਕਿਹਾ ਜਾਂਦਾ ਹੈ। ਇੰਜ ਪਿਜ਼ਿਨ ਕੇਵਲ ਵਕਤੀ ਭਾਸ਼ਾਈ ਲੋੜ ਅਧੀਨ ਹੀ ਸਿਰਜੀ ਜਾਂਦੀ ਹੈ ਅਤੇ ਭਾਸ਼ਾਈ ਲੋੜ ਦੀ ਪੂਰਤੀ ਉਪਰੰਤ ਲੋਪ ਹੋ ਜਾਂਦੀ ਹੈ। ਇਸ ਭਾਸ਼ਾਈ ਰੂਪ ਦੀ ਵਰਤੋਂ ਦਾ ਦਾਇਰਾ ਜਾਂ ਖੇਤਰ ਵੀ ਸੀਮਤ ਹੁੰਦਾ ਹੈ।

- **ਕਰਿਓਲ**

ਜਦੋਂ ਪਿਜ਼ਿਨ ਪੱਕੇ ਰੂਪ ਵਿਚ ਕਿਸੇ ਭਾਸ਼ਾਈ ਗਰੁੱਪ ਦੀ ਮਾਤ ਭਾਸ਼ਾ ਬਣ ਜਾਂਦੀ ਹੈ ਤਾਂ ਇਸ ਨੂੰ 'ਕਰਿਓਲ' ਕਹਿੰਦੇ ਹਨ। ਭਾਵ ਜਦੋਂ ਮਿਲੀ-ਜੁਲੀ ਭਾਸ਼ਾ ਸਮਾਂ ਪਾ ਕੇ ਕਿਸੇ ਭਾਸ਼ਾਈ ਸਮਾਜ ਦੀ ਸਥਾਨਕ ਭਾਸ਼ਾ ਬਣ ਜਾਵੇ ਤਾਂ ਅਜਿਹੀ ਨਵੀਂ ਉਤਪੰਨ ਹੋਈ ਭਾਸ਼ਾ ਨੂੰ ਕਰਿਓਲ ਕਿਹਾ ਜਾਂਦਾ ਹੈ। ਅਸਲ ਵਿਚ ਕਰਿਓਲ ਇਕ ਅਜਿਹੀ ਭਾਸ਼ਾ ਵੰਨਗੀ ਹੈ, ਜੋ ਪਿਜ਼ਿਨ ਉੱਤੇ ਆਧਾਰਿਤ ਹੁੰਦੀ ਹੈ। ਪਰੰਤੂ ਕਰਿਓਲ ਭਾਸ਼ਾਈ ਬੁਲਾਰਿਆਂ ਦੀ ਸੰਖਿਆ ਪਿਜ਼ਿਨ ਭਾਸ਼ਾ ਦੇ ਬੁਲਾਰਿਆਂ ਨਾਲੋਂ ਵਧੀਕ ਹੁੰਦੀ ਹੈ। ਜਿੱਥੇ ਪਿਜ਼ਿਨ ਥੋੜ੍ਹੇ ਸਮੇਂ ਲਈ ਭਾਸ਼ਾਈ ਲੋੜਾਂ ਦੀ ਪੂਰਤੀ ਅਧੀਨ ਹੋਂਦ ਵਿਚ ਆਉਂਦੀ ਹੈ, ਉਥੇ ਕਰਿਓਲ ਅਣਮਿਥੇ ਸਮੇਂ ਲਈ ਹੋਂਦ ਗ੍ਰਹਿਣ ਕਰਦੀ ਹੈ।

### 1.1.4. ਭਾਸ਼ਾਈ ਮਾਧਿਅਮ ਵੰਨਗੀਆਂ

ਭਾਸ਼ਾ ਮਾਧਿਅਮ ਦੇ ਆਧਾਰ ਉੱਤੇ ਦੋ ਭਾਸ਼ਾਈ ਵੰਨਗੀਆਂ ਹੋਂਦ ਵਿਚ ਆਉਂਦੀਆਂ ਹਨ:

- **ਮੌਖਿਕ ਭਾਸ਼ਾ**

ਭਾਸ਼ਾ ਦਾ ਮੂਲ ਸੰਬੰਧ ਸੰਚਾਰ ਨਾਲ ਹੈ। ਜਦੋਂ ਭਾਸ਼ਾਈ ਸੰਚਾਰ ਧੁਨੀ ਪੱਧਰ ਉੱਤੇ ਭਾਵ ਮੌਖਿਕ ਰੂਪ ਵਿਚ ਹੁੰਦਾ ਹੈ ਤਾਂ ਉਸ ਭਾਸ਼ਾਈ ਰੂਪ ਨੂੰ 'ਮੌਖਿਕ ਭਾਸ਼ਾ' ਕਹਿੰਦੇ ਹਨ। ਮੌਖਿਕ ਭਾਸ਼ਾ ਦਾ ਸੰਬੰਧ ਧੁਨੀ ਨਾਲ ਹੈ। ਭਾਵ ਮੂੰਹ ਦੁਆਰਾ ਉਚਾਰੀਆਂ ਜਾਂਦੀਆਂ ਧੁਨੀਆਂ ਜਾਂ ਸ਼ਬਦਾਂ ਦੇ ਸਮੂਹ ਤੋਂ ਹੀ ਭਾਸ਼ਾ ਹੋਂਦ ਵਿਚ ਆਉਂਦੀ ਹੈ। ਮੌਖਿਕ ਭਾਸ਼ਾ ਵੰਨਗੀ ਅਧੀਨ ਵਿਆਕਰਨਕ ਨੇਮਾਂ ਦੀ ਪਾਲਣਾ ਕੱਟੜਤਾ ਨਾਲ ਨਹੀਂ ਕੀਤੀ ਜਾਂਦੀ।

- **ਲਿਖਤੀ ਭਾਸ਼ਾ**

ਜਦੋਂ ਭਾਸ਼ਾ ਦੀ ਵਰਤੋਂ ਲਿਖਤੀ ਪੱਧਰ ਉੱਤੇ ਕੀਤੀ ਜਾਵੇ ਤਾਂ ਲਿਖਤੀ ਭਾਸ਼ਾ ਵੰਨਗੀ ਹੋਂਦ ਵਿਚ ਆਉਂਦੀ ਹੈ। ਲਿਖਤੀ ਭਾਸ਼ਾ ਦਾ ਮੂਲ ਸੰਬੰਧ ਲਿਪੀ ਚਿੰਨ੍ਹਾਂ ਨਾਲ ਹੈ। ਭਾਵ ਵਿਚਾਰਾਂ ਦੀ ਪੇਸ਼ਕਾਰੀ ਜਦੋਂ ਲਿਪੀ ਚਿੰਨ੍ਹਾਂ ਰਾਹੀਂ ਲਿਖਤੀ ਰੂਪ ਵਿਚ ਕੀਤੀ ਜਾਂਦੀ ਹੈ, ਉਸ ਸਮੇਂ ਹੋਂਦ ਵਿਚ ਆਏ ਭਾਸ਼ਾਈ ਰੂਪ ਨੂੰ 'ਲਿਖਤੀ ਭਾਸ਼ਾ' ਕਹਿੰਦੇ ਹਨ। ਲਿਖਤੀ ਭਾਸ਼ਾ ਵੰਨਗੀ ਅਧੀਨ ਵਿਆਕਰਨਕ ਨੇਮਾਂ ਦੀ ਵਿਸ਼ੇਸ਼ ਰੂਪ ਵਿਚ ਪਾਲਣਾ ਕੀਤੀ ਜਾਂਦੀ ਹੈ।

ਲਿਖਤੀ ਭਾਸ਼ਾ ਦੀਆਂ ਅੱਗੋਂ ਦੋ ਮੁੱਖ ਭਾਸ਼ਾਈ ਵੰਨਗੀਆਂ ਵਿਚ 'ਸਾਹਿਤਕ ਭਾਸ਼ਾ' ਅਤੇ 'ਗ਼ੈਰ ਸਾਹਿਤਕ' ਭਾਸ਼ਾ ਰੂਪ ਸ਼ਾਮਿਲ ਹਨ। ਜਿੱਥੇ ਸਾਹਿਤਕ ਭਾਸ਼ਾ ਵਧੇਰੇ ਸੁਹਜਮਈ ਹੁੰਦੀ ਹੈ, ਉਥੇ ਗ਼ੈਰ ਸਾਹਿਤਕ ਭਾਸ਼ਾ ਵਧੇਰੇ ਸੰਕਲਪਮਈ ਹੁੰਦੀ ਹੈ। ਸਾਹਿਤਕ ਭਾਸ਼ਾ ਦੀ ਸੁੰਦਰ ਵਰਤੋਂ ਕਵਿਤਾ, ਨਾਵਲ, ਨਾਟਕ, ਕਹਾਣੀ ਆਦਿ ਸਾਹਿਤਕ ਰੂਪਾਂ ਵਿਚ ਮਿਲਦੀ ਹੈ, ਜਦ ਕਿ ਗ਼ੈਰ ਸਾਹਿਤਕ ਭਾਸ਼ਾ ਦੀ ਵਰਤੋਂ ਦਫ਼ਤਰਾਂ ਤੇ ਗਿਆਨ-ਵਿਗਿਆਨ ਦੇ ਖੇਤਰਾਂ ਵਿਚ ਕੀਤੀ ਜਾਂਦੀ ਹੈ। ਜਿੱਥੇ ਸਾਹਿਤਕ ਭਾਸ਼ਾ ਦਾ ਮੂਲ ਮੰਤਵ, ਸੁਹਜ ਜਾਂ ਆਨੰਦ ਦਾ ਸੰਚਾਰ ਕਰਨਾ ਹੈ, ਉਥੇ 'ਦਫ਼ਤਰੀ ਭਾਸ਼ਾ' ਜਾਂ 'ਵਿਗਿਆਨਕ ਭਾਸ਼ਾ' ਦਾ ਮੂਲ ਮੰਤਵ ਸੁਨੇਹੇ ਜਾਂ ਵਿਚਾਰਾਂ ਦੇ ਸੰਚਾਰ ਨਾਲ ਹੁੰਦਾ ਹੈ।

ਇਸ ਤਰ੍ਹਾਂ ਭਾਸ਼ਾਈ ਵਖਰੇਵਾਂ ਭਾਸ਼ਾ ਦੀ ਇਕ ਅਹਿਮ ਵਿਸ਼ੇਸ਼ਤਾ ਹੈ। ਭਾਸ਼ਾ ਦਾ ਮੂਲ ਉਦੇਸ਼ ਸੰਚਾਰ ਕਰਨਾ ਹੈ। ਭਾਸ਼ਾਈ ਸੰਚਾਰ ਮਨੁੱਖ ਦੀਆਂ ਸਮਾਜਿਕ ਲੋੜਾਂ ਉੱਤੇ ਆਧਾਰਿਤ ਹੁੰਦਾ ਹੈ। ਇਹਨਾਂ ਸਮਾਜਿਕ ਲੋੜਾਂ ਦੀ ਪੂਰਤੀ ਹਿੱਤ ਹੀ ਭਾਸ਼ਾ ਦਾ ਬੁਲਾਰਾ ਵੱਖ-ਵੱਖ ਭਾਸ਼ਾਈ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਭਾਸ਼ਾਈ ਜੁਗਤਾਂ ਹੀ ਭਾਸ਼ਾਈ ਵਰਤੋਂ ਦੀ ਵੱਖਰਤਾ ਨੂੰ ਪੇਸ਼ ਕਰਦੀਆਂ ਹਨ ਅਤੇ ਇਹ ਭਾਸ਼ਾਈ ਵੱਖਰਤਾ ਹੀ ਭਾਸ਼ਾ ਵੰਨਗੀਆਂ ਦਾ ਮੁੱਖ ਸੋਮਾ ਬਣਦੀ ਹੈ।

ਇਹਨਾਂ ਭਾਸ਼ਾ ਵੰਨਗੀਆਂ ਨੂੰ ਨਿਮਨ ਆਰੇਖ ਦੇ ਮਾਧਿਅਮ ਰਾਹੀਂ ਇੰਜ ਪ੍ਰਗਟਾਇਆ ਜਾ ਸਕਦਾ ਹੈ:


ਭਾਸ਼ਾ ਵੰਨਗੀਆਂ
ਵਿਅਕਤੀਗਤ ਵੰਨਗੀਆਂ
ਖੇਤਰੀ ਵੰਨਗੀਆਂ
ਭਾਸ਼ਾਈ ਸੰਪਰਕ ਵੰਨਗੀਆਂ
ਭਾਸ਼ਾਈ ਮਾਧਿਅਮ ਵੰਨਗੀਆਂ
ਉਮਰ ਆਧਾਰਿਤ
ਲਿੰਗ ਆਧਾਰਿਤ
ਵਰਤੋਂ ਆਧਾਰਿਤ
ਉਪਭਾਸ਼ਾ
ਟਕਸਾਲੀ ਭਾਸ਼ਾ
ਪਿਜਿਨ
ਕਰਿਓਲ
ਮੌਖਿਕ ਭਾਸ਼ਾ
ਲਿਖਤੀ ਭਾਸ਼ਾ
ਜਾਰਗਨ
ਅਪਭਾਸ਼ਾ
ਗੁਪਤ ਭਾਸ਼ਾ
ਰਜਿਸਟਰ
ਸਾਹਿਤਕ ਭਾਸ਼ਾ
ਗ਼ੈਰ ਸਾਹਿਤਕ ਭਾਸ਼ਾ
ਬੱਚਿਆਂ ਦੀ ਭਾਸ਼ਾ
ਨੌਜਵਾਨਾਂ ਦੀ ਭਾਸ਼ਾ
ਬਜ਼ੁਰਗਾਂ ਦੀ ਭਾਸ਼ਾ
ਔਰਤਾਂ ਦੀ ਭਾਸ਼ਾ
ਮਰਦਾਂ ਦੀ ਭਾਸ਼ਾ

## 1.2 ਟਕਸਾਲੀ ਭਾਸ਼ਾ

### ਭਾਸ਼ਾ

ਭਾਸ਼ਾ ਸੰਚਾਰ ਦਾ ਪ੍ਰਮੁੱਖ ਸਾਧਨ ਹੈ। ਮਨੁੱਖ ਆਪਣੇ ਮਨ ਦੇ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਭਾਸ਼ਾ ਦੇ ਮਾਧਿਅਮ ਦੁਆਰਾ ਪ੍ਰਗਟਾਉਂਦਾ ਹੈ। ਇੰਜ ਇਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੋੜਨ ਵਿਚ ਭਾਸ਼ਾ ਦਾ ਵਿਸ਼ੇਸ਼ ਰੋਲ ਹੈ। ਭਾਸ਼ਾ ਮਨੁੱਖ ਦੀ ਅਹਿਮ ਸਮਾਜਿਕ ਲੋੜ ਹੈ। ਭਾਸ਼ਾ ਰਾਹੀਂ ਮਨੁੱਖ ਨੇ ਸਮਾਜ ਵਿਚ ਆਪਣੀ ਵੱਖਰੀ ਅਤੇ ਪਛਾਣਨ ਯੋਗ ਥਾਂ ਬਣਾਈ ਹੈ। ਇਹ ਮਨੁੱਖ ਦੇ ਸਮਾਜਿਕ ਵਿਕਾਸ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।

### ਟਕਸਾਲੀ ਭਾਸ਼ਾ

'ਟਕਸਾਲੀ ਭਾਸ਼ਾ' ਭਾਸ਼ਾ ਦਾ ਇਕ ਰੂਪ ਹੈ। ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ 'Standard Language' ਕਹਿੰਦੇ ਹਨ। ਹਿੰਦੀ ਭਾਸ਼ਾ ਵਿਚ ਇਸ ਲਈ 'ਮਾਨਕ ਭਾਸ਼ਾ' ਸ਼ਬਦ ਦੀ ਵਰਤੋਂ ਹੁੰਦੀ ਹੈ, ਜਦ ਕਿ ਪੰਜਾਬੀ ਵਿਚ ਇਸ ਲਈ 'ਮਿਆਰੀ ਭਾਸ਼ਾ' ਜਾਂ 'ਆਦਰਸ਼ ਭਾਸ਼ਾ' ਸ਼ਬਦ ਵਰਤਿਆ ਜਾਂਦਾ ਹੈ। ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕਈ ਉਪਭਾਸ਼ਾਵਾਂ ਵਾਲੇ ਖੇਤਰ ਦਾ ਕਾਰ-ਵਿਹਾਰ ਉਸੇ ਮੁੱਖ ਬੋਲੀ ਜਾਂ ਭਾਸ਼ਾ ਦੇ ਮਾਧਿਅਮ ਦੁਆਰਾ ਕੀਤਾ ਜਾਵੇ। ਟਕਸਾਲੀ ਭਾਸ਼ਾ ਅਜਿਹੀ ਮੁੱਖ ਭਾਸ਼ਾ ਵਜੋਂ ਜਾਣੀ ਜਾਂਦੀ ਹੈ, ਜਿਸ ਦੀ ਵਰਤੋਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ, ਪੜ੍ਹੇ-ਲਿਖੇ ਵਰਗ, ਰਾਜ-ਪ੍ਰਬੰਧ, ਵਿੱਦਿਅਕ ਖੇਤਰ ਆਦਿ ਵਿਚ ਕੀਤੀ ਜਾਂਦੀ ਹੈ।

### ਟਕਸਾਲੀ ਭਾਸ਼ਾ : ਵਿਸ਼ੇਸ਼ਤਾਵਾਂ

- ਟਕਸਾਲੀ ਭਾਸ਼ਾ ਇਕ ਵਿਸ਼ੇਸ਼ ਵਰਗ ਦੀ ਮਿਆਰੀ ਭਾਸ਼ਾ ਹੁੰਦੀ ਹੈ, ਜੋ ਬਾਕੀ ਵਰਗਾਂ ਨੂੰ ਸੇਧ ਦੇਣ ਦਾ ਕਾਰਜ ਕਰਦੀ ਹੈ। ਇਸ ਵਰਗ ਦੀ ਸਮੁੱਚੀ ਜ਼ਿੰਦਗੀ ਬਾਕੀ ਵਰਗਾਂ ਲਈ ਮਿਆਰ ਬਣ ਜਾਂਦੀ ਹੈ ਅਤੇ ਉਹ ਇਸ ਦੀ ਪ੍ਰਾਪਤੀ ਨੂੰ ਆਪਣਾ ਆਦਰਸ਼ ਬਣਾ ਲੈਂਦੇ ਹਨ।
- ਮਿਆਰੀ ਭਾਸ਼ਾ ਜਾਂ ਟਕਸਾਲੀ ਭਾਸ਼ਾ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ, ਕਿਉਂਕਿ ਇਸ ਨੂੰ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ।
- ਟਕਸਾਲੀ ਭਾਸ਼ਾ ਦਾ ਸਮਾਜ ਨਾਲ ਵਿਸ਼ੇਸ਼ ਸੰਬੰਧ ਹੁੰਦਾ ਹੈ। ਇਸ ਦੇ ਵਿਕਾਸ ਵਿਚ ਸਮਾਜ ਅਹਿਮ ਭੂਮਿਕਾ ਨਿਭਾਉਂਦਾ ਹੈ। ਭਾਵ ਸਮਾਜਿਕ ਯੋਗਦਾਨ ਦੁਆਰਾ ਹੀ ਕੋਈ ਉਪਭਾਸ਼ਾ ਟਕਸਾਲੀ ਭਾਸ਼ਾ ਦਾ ਦਰਜਾ ਪ੍ਰਾਪਤ ਕਰਦੀ ਹੈ।
- ਟਕਸਾਲੀ ਭਾਸ਼ਾ ਮੂਲ ਰੂਪ ਵਿਚ ਵੱਖ-ਵੱਖ ਉਪਭਾਸ਼ਾਵਾਂ ਦਾ ਸੰਗਮ ਹੁੰਦੀ ਹੈ, ਜੋ ਹੌਲੀ-ਹੌਲੀ 'ਸਟੈਂਡਰਡ ਭਾਸ਼ਾ' ਜਾਂ 'ਆਦਰਸ਼ ਭਾਸ਼ਾ' ਦਾ ਰੂਪ ਧਾਰਨ ਕਰ ਲੈਂਦੀ ਹੈ। ਇਹ ਇਸ ਲਈ ਬੜੇ ਮਾਣ ਵਾਲੀ ਗੱਲ ਹੁੰਦੀ ਹੈ।
- ਇਕ ਉਪਭਾਸ਼ਾ ਜਦੋਂ ਟਕਸਾਲੀ ਭਾਸ਼ਾ ਬਣਦੀ ਹੈ ਤਾਂ ਉਹ ਬਾਕੀ

ਉਪਭਾਸ਼ਾਵਾਂ ਦੀ ਪ੍ਰਤੀਨਿੱਧਤਾ ਕਰਦੀ ਹੈ। ਫਲਸਰੂਪ ਬਾਕੀ ਉਪਭਾਸ਼ਾਵਾਂ ਉੱਤੇ ਵੀ ਇਸ ਦਾ ਕਾਫ਼ੀ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ।

- ਟਕਸਾਲੀ ਭਾਸ਼ਾ ਦੀਆਂ ਮੂਲ ਵਿਸ਼ੇਸ਼ਤਾਵਾਂ ਸਾਰੀਆਂ ਉਪਭਾਸ਼ਾਵਾਂ ਵਿਚ ਹਾਜ਼ਰ ਰਹਿੰਦੀਆਂ ਹਨ, ਜਿਹਨਾਂ ਦੇ ਸਹਾਰੇ ਇਹਨਾਂ ਨੂੰ ਛੇਤੀ ਹੀ ਪਛਾਣਿਆ ਜਾ ਸਕਦਾ ਹੈ। ਇਹ ਉਪਭਾਸ਼ਾਵਾਂ ਟਕਸਾਲੀ ਭਾਸ਼ਾ ਨਾਲ ਜੁੜੀਆਂ ਰਹਿੰਦੀਆਂ ਹਨ।
- ਜਿੱਥੇ ਟਕਸਾਲੀ ਭਾਸ਼ਾ ਹੋਰਨਾਂ ਉਪਭਾਸ਼ਾਵਾਂ ਉੱਤੇ ਆਪਣਾ ਪ੍ਰਭਾਵ ਪਾਉਂਦੀ ਹੈ, ਉਥੇ ਇਹ ਹੋਰਨਾਂ ਉਪਭਾਸ਼ਾਵਾਂ ਦਾ ਪ੍ਰਭਾਵ ਗ੍ਰਹਿਣ ਵੀ ਕਰਦੀ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਉਪਭਾਸ਼ਾਵਾਂ ਟਕਸਾਲੀ ਭਾਸ਼ਾ ਤੋਂ ਨੀਵੇਂ ਦਰਜੇ ਦੀਆਂ ਨਹੀਂ ਹੁੰਦੀਆਂ, ਬਲਕਿ ਇਹ ਬਾਕੀ ਉਪਭਾਸ਼ਾਵਾਂ ਦੇ ਮੁਕਾਬਲਤਨ ਵਧਰੇ ਵਿਕਸਿਤ ਹੁੰਦੀ ਹੈ।
- ਟਕਸਾਲੀ ਭਾਸ਼ਾ ਦੀ ਵਰਤੋਂ ਭਿੰਨ-ਭਿੰਨ ਸਰਕਾਰੀ ਖੇਤਰਾਂ ਅਤੇ ਗ਼ੈਰ ਸਰਕਾਰੀ ਖੇਤਰਾਂ, ਵਿੱਦਿਅਕ ਅਤੇ ਸਾਹਿਤਕ ਖੇਤਰਾਂ ਤੋਂ ਇਲਾਵਾ ਅਦਾਲਤੀ ਦਸਤਾਵੇਜਾਂ ਆਦਿ ਵਿਚ ਕੀਤੀ ਜਾਂਦੀ ਹੈ।
- ਲੋਕ ਸਮੂਹ ਦੀ ਪ੍ਰਵਾਨਗੀ ਉਪਰੰਤ ਟਕਸਾਲੀ ਭਾਸ਼ਾ 'ਰਾਜ ਭਾਸ਼ਾ' ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਫਲਸਰੂਪ ਇਕ ਰਾਜ ਦਾ ਦੂਜੇ ਰਾਜਾਂ ਨਾਲ ਵੱਖਰੇਵਾਂ ਨਿਰਧਾਰਤ ਕਰਨ ਵਿਚ ਟਕਸਾਲੀ ਭਾਸ਼ਾ ਆਧਾਰ ਬਣਦੀ ਹੈ।
- ਵਿਆਕਰਣ ਭਾਸ਼ਾ ਦੇ ਸ਼ੁੱਧ-ਅਸ਼ੁੱਧ ਰੂਪ ਨੂੰ ਨਿਰਧਾਰਤ ਕਰਨ ਵਿਚ ਵਿਸ਼ੇਸ਼ ਰੋਲ ਨਿਭਾਉਂਦੀ ਹੈ। ਇੰਜ ਭਾਸ਼ਾ ਦੇ ਟਕਸਾਲੀ ਰੂਪ ਨੂੰ ਵਿਆਕਰਣ ਹੀ ਨਿਰਧਾਰਤ ਕਰਦੀ ਹੈ।

ਅੱਜ 'ਮਾਝੀ ਉਪਭਾਸ਼ਾ' ਨੂੰ ਟਕਸਾਲੀ ਭਾਸ਼ਾ ਵਜੋਂ ਦਰਜਾ ਪ੍ਰਾਪਤ ਹੈ। 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਮਾਝੀ ਦਾ ਖੇਤਰ ਪੰਜਾਬ ਦੇ ਕੇਂਦਰ ਵਿਚ ਸੀ। ਭੂਗੋਲਿਕ ਨਜ਼ਰੀਏ ਤੋਂ ਲਾਹੌਰ ਅਤੇ ਅੰਮ੍ਰਿਤਸਰ ਦਾ ਇਲਾਕਾ ਪੰਜਾਬ ਦੇ ਕੇਂਦਰ ਵਿਚ ਸੀ। ਮਾਝੀ ਦਾ ਇਹ ਖੇਤਰ ਸੰਗੀਤ, ਕਲਾ, ਧਰਮ ਅਤੇ ਪ੍ਰਚਾਰ ਦਾ ਕੇਂਦਰ ਸੀ, ਜਦ ਕਿ ਬਾਕੀ ਉਪਭਾਸ਼ਾਵਾਂ ਇਸ ਦੇ ਆਲੇ-ਦੁਆਲੇ ਫੈਲੀਆਂ ਹੋਈਆਂ ਸਨ। ਇਹਨਾਂ ਸਹਾਇਕ ਕਾਰਨਾਂ ਕਰਕੇ 1966 ਵਿਚ ਪੰਜਾਬ ਸਰਕਾਰ ਵੱਲੋਂ ਮਾਝੀ ਨੂੰ ਟਕਸਾਲੀ ਭਾਸ਼ਾ ਦਾ ਦਰਜਾ ਪ੍ਰਦਾਨ ਕੀਤਾ ਗਿਆ। ਅੱਜ ਪੰਜਾਬ ਦੀ ਟਕਸਾਲੀ ਭਾਸ਼ਾ 'ਮਾਝੀ' ਪੰਜਾਬ ਦੇ ਵਿੱਦਿਅਕ, ਪ੍ਰਸ਼ਾਸਨਿਕ, ਉਦਯੋਗਿਕ, ਵਪਾਰਕ, ਸਾਹਿਤਕ ਆਦਿ ਸਮੂਹ ਵਿਸ਼ਿਆਂ ਦਾ ਮਾਧਿਅਮ ਬਣੀ ਹੋਈ ਹੈ।

## 1.3 ਭਾਸ਼ਾ ਅਤੇ ਉਪਭਾਸ਼ਾ

### ਭਾਸ਼ਾ

ਭਾਸ਼ਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Language' ਦਾ ਪੰਜਾਬੀ ਅਨੁਵਾਦ

ਹੈ। ਇਹ ਲਾਤੀਨੀ ਸ਼ਬਦ 'Lingua' ਤੋਂ ਬਣਿਆ ਹੈ। ਇਸ ਦਾ ਅਰਥ ਹੈ—ਸੰਪਰਕ ਭਾਸ਼ਾ। ਭਾਸ਼ਾ ਸੰਚਾਰ ਦਾ ਪ੍ਰਮੁੱਖ ਸਾਧਨ ਹੈ। ਮਨੁੱਖ ਆਪਣੇ ਮਨ ਦੇ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਦੀ ਪੇਸ਼ਕਾਰੀ ਭਾਸ਼ਾ ਦੇ ਮਾਧਿਅਮ ਰਾਹੀਂ ਕਰਦਾ ਹੈ। ਇੰਜ ਭਾਸ਼ਾ ਇਕ ਅਜਿਹੀ ਮਨੁੱਖੀ ਕਿਰਿਆ ਹੈ, ਜਿਸ ਦਾ ਮੰਤਵ ਵਿਚਾਰਾਂ ਦਾ ਸੰਚਾਰ ਕਰਨਾ ਹੈ। ਭਾਸ਼ਾ ਮਨੁੱਖੀ ਸਾਂਝ ਦਾ ਅਹਿਮ ਵਸੀਲਾ ਹੈ। ਸਮਾਜ ਵਿਚ ਇਕ ਮਨੁੱਖ ਦੀ ਦੂਜੇ ਮਨੁੱਖ ਨਾਲ ਸਾਂਝ ਬਣਾਉਣ ਵਿਚ ਭਾਸ਼ਾ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਇਹ ਮਨੁੱਖ ਦੀ ਅਹਿਮ ਪ੍ਰਾਪਤੀ ਹੈ, ਜਿਸ ਦੇ ਸਹਾਰੇ ਮਨੁੱਖ ਨੇ ਸਮਾਜ ਵਿਚ ਆਪਣੀ ਵੱਖਰੀ ਅਤੇ ਪਛਾਣਨਯੋਗ ਥਾਂ ਕਾਇਮ ਕੀਤੀ ਹੈ।

## ਉਪਭਾਸ਼ਾ

ਉਪਭਾਸ਼ਾ ਸ਼ਬਦ ਅੰਗਰੇਜ਼ੀ ਦੇ ਸ਼ਬਦ 'Dialect' ਦਾ ਪੰਜਾਬੀ ਅਨੁਵਾਦ ਹੈ। ਡਾਇਲੈਕਟ ਸ਼ਬਦ ਤੋਂ ਭਾਵ ਹੈ—ਉਹ ਖੇਤਰੀ ਭਾਸ਼ਾ ਜਿਸ ਵਿਚ ਲਿਖਤੀ ਸਾਹਿਤ ਰਚਿਆ ਜਾਂਦਾ ਹੈ। ਉਪਭਾਸ਼ਾ ਇਕ 'ਖੇਤਰੀ ਭਾਸ਼ਾ' ਹੈ। ਵੱਖ-ਵੱਖ ਭੂਗੋਲਿਕ ਖੇਤਰਾਂ ਜਾਂ ਇਲਾਕਿਆਂ ਵਿਚ ਰਹਿੰਦੇ ਲੋਕਾਂ ਦੇ ਭਾਸ਼ਾ ਦੇ ਉਚਾਰਨ ਵਿਚ ਵੱਖਰਤਾ ਪਾਈ ਜਾਂਦੀ ਹੈ। ਇਸ ਵੱਖਰਤਾ ਨੂੰ 'ਖੇਤਰੀ ਵੱਖਰੇਵਾਂ' ਕਿਹਾ ਜਾਂਦਾ ਹੈ। ਇਹਨਾਂ ਖੇਤਰੀ ਵੱਖਰੇਵਿਆਂ ਨੂੰ ਹੀ 'ਉਪਭਾਸ਼ਾ' ਦਾ ਨਾਂ ਦਿੱਤਾ ਗਿਆ ਹੈ। ਇਸ ਲਈ ਉਪਭਾਸ਼ਾ ਲਈ ਸਥਾਨਕ ਉਪਭਾਸ਼ਾ, ਭੂਗੋਲਿਕ ਉਪਭਾਸ਼ਾ, ਖੇਤਰੀ ਉਪਭਾਸ਼ਾ, ਇਲਾਕਾਈ ਉਪਭਾਸ਼ਾ ਨਾਂਵਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ। ਇਹ ਨਾਂ ਇਸ ਨੂੰ ਇਸ ਲਈ ਦਿੱਤੇ ਗਏ ਹਨ, ਕਿਉਂਕਿ ਇਸ ਦਾ ਆਧਾਰ ਕੋਈ ਨਾ ਕੋਈ ਭੂਗੋਲਿਕ ਖੇਤਰ ਹੁੰਦਾ ਹੈ। ਇਹ ਕਿਸੇ ਭੂਗੋਲਿਕ ਖੇਤਰ ਦੇ ਵਸਨੀਕ ਲੋਕਾਂ ਦੇ ਸੰਚਾਰ ਦਾ ਸਾਧਨ ਹੁੰਦੀ ਹੈ। ਸਪੱਸ਼ਟ ਹੈ ਕਿ ਭਾਸ਼ਾ ਦੇ ਖੇਤਰੀ ਰੂਪ ਜਾਂ ਇਲਾਕਾਈ ਰੂਪ ਨੂੰ ਹੀ 'ਉਪਭਾਸ਼ਾ' ਕਹਿੰਦੇ ਹਨ। ਉਪਭਾਸ਼ਾ ਇਕ ਸੀਮਤ ਖੇਤਰ ਜਾਂ ਇਲਾਕੇ ਤੱਕ ਸੀਮਤ ਹੁੰਦੀ ਹੈ। ਜਿਸ ਇਲਾਕੇ ਵਿਚ ਸਾਂਝੇ ਭਾਸ਼ਾਈ ਲੱਛਣ ਪਾਏ ਜਾਂਦੇ ਹਨ, ਉਸ ਨੂੰ ਉਪਭਾਸ਼ਾ ਦਾ ਰੂਪ ਮੰਨ ਲਿਆ ਜਾਂਦਾ ਹੈ।

## ਉਪਭਾਸ਼ਾਈ ਵਿਸ਼ੇਸ਼ਤਾਵਾਂ

- ਉਪਭਾਸ਼ਾ ਇਕ ਸੀਮਤ ਭੂਗੋਲਿਕ ਖੇਤਰ ਦੀ ਬੋਲੀ ਹੁੰਦੀ ਹੈ।
- ਉਪਭਾਸ਼ਾ ਦੇ ਬੁਲਾਰਿਆਂ ਦੀ ਗਿਣਤੀ ਘੱਟ ਹੁੰਦੀ ਹੈ।
- ਉਪਭਾਸ਼ਾ ਵਿਚ ਠੇਠ ਸ਼ਬਦਾਵਲੀ ਦੀ ਭਰਮਾਰ ਹੁੰਦੀ ਹੈ, ਜੋ ਭਾਸ਼ਾ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਉਂਦੀ ਹੈ।
- ਉਪਭਾਸ਼ਾ ਵਿਚ ਉਹਨਾਂ ਭਾਸ਼ਾਈ ਅੰਸ਼ਾਂ ਦੀ ਹੋਂਦ ਸਥਾਈ ਰਹਿੰਦੀ ਹੈ, ਜੋ ਸਮੇਂ ਦੀ ਚਾਲ ਵਿਚ ਲੋਪ ਹੋ ਜਾਂਦੇ ਹਨ।
- ਉਪਭਾਸ਼ਾ ਵਿਚ ਸੰਬੰਧਿਤ ਇਲਾਕੇ ਦਾ ਪੁਰਾਤਨ ਇਤਿਹਾਸ, ਲੋਕ ਸਾਹਿਤ ਅਤੇ ਸਭਿਆਚਾਰ ਦੇ ਅੰਸ਼ ਸਮਾਏ ਹੁੰਦੇ ਹਨ।

- ਉਪਭਾਸ਼ਾ ਬੀਤੇ ਦੇ ਇਤਿਹਾਸ ਅਤੇ ਵਰਤਮਾਨ ਸਥਿਤੀ ਦੇ ਭਾਸ਼ਾਈ ਇਤਿਹਾਸ ਨੂੰ ਜਾਣਨ ਵਿਚ ਅਹਿਮ ਹਿੱਸਾ ਪਾਉਂਦੀ ਹੈ।
- ਲੋੜ ਪੈਣ ਉੱਤੇ 'ਟਕਸਾਲੀ ਭਾਸ਼ਾ' ਉਪਭਾਸ਼ਾ ਤੋਂ ਪੁਰਾਤਨ ਸ਼ਬਦ ਉਧਾਰੇ ਲੈ ਸਕਦੀ ਹੈ।
- ਉਪਭਾਸ਼ਾ ਕਿਸੇ ਖੇਤਰ ਦੇ ਵਸਨੀਕ ਲੋਕਾਂ ਦੀਆਂ ਨਿੱਜੀ ਭਾਸ਼ਾਈ ਵਿਸ਼ੇਸ਼ਤਾਵਾਂ ਅਤੇ ਵੱਖਰਤਾਵਾਂ ਨੂੰ ਉਜਾਗਰ ਕਰਦੀ ਹੈ।
- ਉਪਭਾਸ਼ਾ ਦੇ ਅਧਿਐਨ ਨਾਲ ਕਿਸੇ ਭਾਸ਼ਾ ਦਾ ਸਹੀ ਅਤੇ ਵਿਗਿਆਨਕ ਅਧਿਐਨ ਸੰਭਵ ਹੈ।

## ਭਾਸ਼ਾ ਅਤੇ ਉਪਭਾਸ਼ਾ : ਅੰਤਰ-ਸੰਬੰਧ

ਭਾਸ਼ਾ ਅਤੇ ਉਪਭਾਸ਼ਾ ਦੇ ਅੰਤਰ-ਸੰਬੰਧ ਨੂੰ ਉਲੀਕਣ ਤੋਂ ਪਹਿਲਾਂ ਭਾਸ਼ਾ ਅਤੇ ਉਪਭਾਸ਼ਾ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਸ ਲਈ ਇਹਨਾਂ ਦੋਵਾਂ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਸੰਖੇਪ ਵਿਚ ਇਹਨਾਂ ਨੂੰ ਉਪਰ ਪਰਿਭਾਸ਼ਤ ਕੀਤਾ ਗਿਆ ਹੈ। ਇਹਨਾਂ ਦੀ ਪਰਿਭਾਸ਼ਾ ਜਾਣਨ ਤੋਂ ਬਾਅਦ ਹੁਣ ਅਸੀਂ ਇਹਨਾਂ ਦੇ ਆਪਸੀ ਅੰਤਰ-ਸੰਬੰਧਾਂ ਦਾ ਜ਼ਿਕਰ ਕਰਾਂਗੇ :

- ਇਕ ਵੱਡੇ ਭੂਗੋਲਿਕ ਖੇਤਰ ਵਿਚ ਵਰਤਿਆ ਜਾਣ ਵਾਲਾ ਸੰਚਾਰ ਮਾਧਿਅਮ 'ਭਾਸ਼ਾ' ਹੈ। ਇਸ ਦੇ ਵਿਪਰੀਤ ਘੱਟ ਭੂਗੋਲਕ ਖੇਤਰ ਜਾਂ ਦਾਇਰੇ ਵਿਚ ਭਾਸ਼ਾ ਦੇ ਜਿਸ ਰੂਪ ਦੀ ਵਰਤੋਂ ਸੰਚਾਰ ਲਈ ਕੀਤੀ ਜਾਂਦੀ ਹੈ, ਉਸ ਨੂੰ 'ਉਪਭਾਸ਼ਾ' ਕਹਿੰਦੇ ਹਨ।
- ਭਾਸ਼ਾ ਦੇ ਬੁਲਾਰਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ, ਜਦ ਕਿ ਉਪਭਾਸ਼ਾ ਇਕ ਸੀਮਤ ਖੇਤਰ ਦੀ ਬੋਲੀ ਹੁੰਦੀ ਹੈ। ਇਸ ਲਈ ਉਪਭਾਸ਼ਾ ਦੇ ਬੁਲਾਰਿਆਂ ਦੀ ਗਿਣਤੀ ਘੱਟ ਅਤੇ ਸੀਮਤ ਹੁੰਦੀ ਹੈ।
- ਭਾਸ਼ਾ ਮਿਲਦੀਆਂ-ਜੁਲਦੀਆਂ ਉਪਭਾਸ਼ਾਵਾਂ ਦਾ ਸਮੂਹ ਹੁੰਦੀ ਹੈ, ਜਦ ਕਿ ਅਨੇਕ ਵਿਅਕਤੀ ਭਾਸ਼ਾਵਾਂ ਦਾ ਸਮੂਹ ਉਪਭਾਸ਼ਾ ਹੈ। ਜਦੋਂ ਕਾਫ਼ੀ ਗਿਣਤੀ ਵਿਚ ਵਿਅਕਤੀ ਭਾਸ਼ਾਵਾਂ ਸੰਗਠਿਤ ਹੋ ਕੇ ਇਕ ਸਾਂਝੀ ਕੌਮ ਦੇ ਸੰਚਾਰ ਦਾ ਸਾਧਨ ਬਣਦੀਆਂ ਹਨ ਤਾਂ ਉਥੇ ਉਪਭਾਸ਼ਾ ਹੋਂਦ ਵਿਚ ਆਉਂਦੀ ਹੈ। ਇਕ ਭਾਸ਼ਾ ਵਿਚ ਕਈ ਉਪਭਾਸ਼ਾਵਾਂ ਹੋ ਸਕਦੀਆਂ ਹਨ ਅਤੇ ਇਕ ਉਪਭਾਸ਼ਾ ਵਿਚ ਕਈ ਵਿਅਕਤੀ ਭਾਸ਼ਾਵਾਂ।
- ਭਾਸ਼ਾ ਵਿਚ ਭਾਸ਼ਾਈ ਅੰਸ਼ਾਂ ਦੀ ਮਾਤਰਾ ਉਪਭਾਸ਼ਾ ਦੇ ਮੁਕਾਬਲਤਨ ਵਧੇਰੇ ਹੁੰਦੀ ਹੈ।
- ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਭਾਸ਼ਾ ਦੀਆਂ ਕਈ ਉਪਭਾਸ਼ਾਵਾਂ ਹੋ ਸਕਦੀਆਂ ਹਨ। ਇਹਨਾਂ ਵਿੱਚੋਂ ਜਦੋਂ ਕਿਸੇ ਉਪਭਾਸ਼ਾ ਨੂੰ ਵੱਡੇ ਪੱਧਰ ਉੱਤੇ ਮਾਨਤਾ ਪ੍ਰਾਪਤ ਹੋ ਜਾਂਦੀ ਹੈ ਤਾਂ ਉਹ 'ਟਕਸਾਲੀ ਭਾਸ਼ਾ'

ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਇਕ ਟਕਸਾਲੀ ਭਾਸ਼ਾ ਬਾਕੀ ਉਪਭਾਸ਼ਾਵਾਂ ਦੀ ਪ੍ਰਤੀਨਿੱਧਤਾ ਕਰਦੀ ਹੈ।

- ਉਪਭਾਸ਼ਾ ਵਿਚ ਬੇਸ਼ੱਕ ਟਕਸਾਲੀ ਭਾਸ਼ਾ ਨਾਲ ਕੁਝ ਵੱਖਰਤਾ ਰੱਖਣ ਵਾਲੀਆਂ ਵਿਆਕਰਨਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਪਰੰਤੂ ਇਹ ਟਕਸਾਲੀ ਭਾਸ਼ਾ ਦੇ ਬੁਲਾਰਿਆਂ ਲਈ ਸਮਝਗੋਚਰੇ ਹੁੰਦੀ ਹੈ।
- ਉਪਭਾਸ਼ਾ ਇਕ ਸੀਮਤ ਖੇਤਰ ਵਿਚ ਕਿਸੇ ਇਲਾਕੇ ਜਾਂ ਖੇਤਰ ਦੇ ਬੋਲਚਾਲੀ ਰੂਪ ਤੱਕ ਹੀ ਸੀਮਤ ਹੁੰਦੀ ਹੈ, ਲਿਖਤੀ ਰੂਪ ਵਿਚ ਨਹੀਂ।
- ਭਾਸ਼ਾ ਕਿਸੇ ਰਾਜ ਦੇ ਵਿੱਦਿਅਕ, ਸਭਿਆਚਾਰਕ, ਰਾਜਨੀਤਕ, ਪ੍ਰਸ਼ਾਸਨਿਕ, ਸਾਹਿਤਕ ਕਾਰਨਾਂ ਲਈ ਵਰਤੀ ਜਾਂਦੀ ਹੈ, ਜਿਸ ਦੇ ਫਲਸਰੂਪ ਉਪਭਾਸ਼ਾ ਦੇ ਮੁਕਾਬਲੇ ਇਹ ਵਧੇਰੇ ਮਾਣ-ਪ੍ਰਤਿਸ਼ਠਿਤ ਹੁੰਦੀ ਹੈ।
- ਭਾਸ਼ਾ ਵਿਚ ਹੀ ਉਪਭਾਸ਼ਾ ਸਮਾਈ ਹੁੰਦੀ ਹੈ ਅਤੇ ਦੋਵਾਂ ਵਿਚ ਕੁਝ ਅਜਿਹੇ ਸਾਂਝੇ ਗੁਣ ਸਮਾਏ ਹੁੰਦੇ ਹਨ, ਜਿਸ ਦੇ ਫਲਸਰੂਪ ਇਕ ਭਾਸ਼ਾ ਨੂੰ ਬੋਲਣ ਵਾਲੇ ਬੁਲਾਰੇ ਉਸ ਦੀਆਂ ਉਪਭਾਸ਼ਾਵਾਂ ਨੂੰ ਵੀ ਆਸਾਨੀ ਨਾਲ ਸਮਝ ਸਕਦੇ ਹਨ।
- ਭਾਸ਼ਾ ਅਤੇ ਉਪਭਾਸ਼ਾ ਦੋਵੇਂ ਸਮਾਨਾਂਤਰ ਰੂਪ ਵਿਚ ਵਿਕਸਿਤ ਹੁੰਦੀਆਂ ਹਨ।

ਬੇਸ਼ੱਕ ਭਾਸ਼ਾ ਅਤੇ ਉਪਭਾਸ਼ਾ ਵਿਚ ਮਾਤਰਾ ਪੱਖੋਂ ਅੰਤਰ ਪਾਇਆ ਜਾਂਦਾ ਹੈ, ਪਰੰਤੂ ਕਿਸਮ ਪੱਖੋਂ ਨਹੀਂ। ਦੋਵੇਂ ਸੰਚਾਰ ਦੇ ਹੀ ਸਾਧਨ ਹਨ ਅਤੇ ਦੋਵਾਂ ਵਿਚ ਧੁਨੀ-ਵਿਉਂਤ ਅਤੇ ਵਾਕ-ਵਿਉਂਤ ਦੀ ਸਮਾਨਤਾ ਹੋਣ ਕਰਕੇ ਕਈ ਉਪਭਾਸ਼ਾਵਾਂ ਨੂੰ ਇਕ ਹੀ ਭਾਸ਼ਾ ਨਾਲ ਸੰਬੰਧਿਤ ਕੀਤਾ ਜਾਂਦਾ ਹੈ।

## 1.4 ਪੰਜਾਬੀ ਉਪਭਾਸ਼ਾਵਾਂ ਦੇ ਪਛਾਣ ਚਿੰਨ੍ਹ

### ਭਾਸ਼ਾ

ਭਾਸ਼ਾ ਸੰਚਾਰ ਦਾ ਪ੍ਰਮੁੱਖ ਸਾਧਨ ਹੈ। ਮਨੁੱਖ ਆਪਣੇ ਮਨ ਦੇ ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਨੂੰ ਭਾਸ਼ਾ ਰਾਹੀਂ ਪ੍ਰਗਟਾਉਂਦਾ ਹੈ। ਇੰਜ ਇਕ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੋੜਨ ਵਿਚ ਭਾਸ਼ਾ ਦਾ ਵਿਸ਼ੇਸ਼ ਰੋਲ ਹੈ। ਭਾਸ਼ਾ ਮਨੁੱਖ ਦੀ ਸਮਾਜਿਕ ਲੋੜ ਹੈ। ਜਿਵੇਂ ਮਨੁੱਖ ਨੂੰ ਜੀਉਂਦੇ ਰਹਿਣ ਲਈ ਭੋਜਨ ਦੀ ਲੋੜ ਹੈ, ਠੀਕ ਉਸੇ ਤਰ੍ਹਾਂ ਮਨੁੱਖ ਨੂੰ ਸਮਾਜ ਵਿਚ ਵਿਚਰਣ ਲਈ ਭਾਸ਼ਾ ਦੀ ਲੋੜ ਪੈਂਦੀ ਹੈ। ਭਾਸ਼ਾ ਮਨੁੱਖ ਦੇ ਸਮਾਜਿਕ ਵਿਕਾਸ ਵਿਚ ਵਿਸ਼ੇਸ਼ ਰੋਲ ਨਿਭਾਉਂਦੀ ਹੈ। ਭਾਸ਼ਾ ਦੁਆਰਾ ਹੀ ਮਨੁੱਖ ਨੇ ਸਮਾਜ ਵਿਚ ਆਪਣੀ ਵੱਖਰੀ ਅਤੇ ਪਛਾਣਨਯੋਗ ਥਾਂ ਬਣਾਈ ਹੈ।

### ਉਪਭਾਸ਼ਾ

ਉਪਭਾਸ਼ਾ ਸ਼ਬਦ ਅੰਗਰੇਜ਼ੀ ਦੇ ਸ਼ਬਦ 'Dialect' ਦਾ ਪੰਜਾਬੀ ਅਨੁਵਾਦ ਹੈ। ਡਾਇਲੈਕਟ ਸ਼ਬਦ ਤੋਂ ਭਾਵ ਹੈ—ਉਹ ਖੇਤਰੀ ਭਾਸ਼ਾ ਜਿਸ ਵਿਚ ਲਿਖਤੀ ਸਾਹਿਤ ਰਚਿਆ ਜਾਂਦਾ ਹੈ। ਉਪਭਾਸ਼ਾ ਇਕ 'ਖੇਤਰੀ ਭਾਸ਼ਾ' ਹੈ। ਵੱਖ-ਵੱਖ ਭੂਗੋਲਿਕ ਖੇਤਰਾਂ

ਜਾਂ ਇਲਾਕਿਆਂ ਵਿਚ ਰਹਿੰਦੇ ਲੋਕਾਂ ਦੇ ਭਾਸ਼ਾ ਦੇ ਉਚਾਰਨ ਵਿਚ ਵੱਖਰਤਾ ਪਾਈ ਜਾਂਦੀ ਹੈ। ਇਸ ਵੱਖਰਤਾ ਨੂੰ 'ਖੇਤਰੀ ਵੱਖਰੇਵਾਂ' ਕਿਹਾ ਜਾਂਦਾ ਹੈ। ਇਹਨਾਂ ਖੇਤਰੀ ਵੱਖਰੇਵਿਆਂ ਨੂੰ ਹੀ 'ਉਪਭਾਸ਼ਾ' ਦਾ ਨਾਂ ਦਿੱਤਾ ਗਿਆ ਹੈ। ਇਸ ਲਈ ਉਪਭਾਸ਼ਾ ਲਈ ਸਥਾਨਕ ਉਪਭਾਸ਼ਾ, ਭੂਗੋਲਿਕ ਉਪਭਾਸ਼ਾ, ਖੇਤਰੀ ਉਪਭਾਸ਼ਾ, ਇਲਾਕਾਈ ਉਪਭਾਸ਼ਾ ਨਾਂਵਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ। ਇਹ ਨਾਂ ਇਸ ਨੂੰ ਇਸ ਲਈ ਦਿੱਤੇ ਗਏ ਹਨ, ਕਿਉਂਕਿ ਇਸ ਦਾ ਆਧਾਰ ਕੋਈ ਨਾ ਕੋਈ ਭੂਗੋਲਿਕ ਖੇਤਰ ਹੁੰਦਾ ਹੈ। ਇਹ ਕਿਸੇ ਭੂਗੋਲਿਕ ਖੇਤਰ ਦੇ ਵਸਨੀਕ ਲੋਕਾਂ ਦੇ ਸੰਚਾਰ ਦਾ ਸਾਧਨ ਹੁੰਦੀ ਹੈ। ਸਪੱਸ਼ਟ ਹੈ ਕਿ ਭਾਸ਼ਾ ਦੇ ਖੇਤਰੀ ਰੂਪ ਜਾਂ ਇਲਾਕਾਈ ਰੂਪ ਨੂੰ ਹੀ 'ਉਪਭਾਸ਼ਾ' ਕਹਿੰਦੇ ਹਨ। ਉਪਭਾਸ਼ਾ ਇਕ ਸੀਮਤ ਖੇਤਰ ਜਾਂ ਇਲਾਕੇ ਤੱਕ ਸੀਮਤ ਹੁੰਦੀ ਹੈ। ਜਿਸ ਇਲਾਕੇ ਵਿਚ ਸਾਂਝੇ ਭਾਸ਼ਾਈ ਲੱਛਣ ਪਾਏ ਜਾਂਦੇ ਹਨ, ਉਸ ਨੂੰ ਉਪਭਾਸ਼ਾ ਦਾ ਰੂਪ ਮੰਨ ਲਿਆ ਜਾਂਦਾ ਹੈ।

## ਪੰਜਾਬੀ ਦੀਆਂ ਉਪਭਾਸ਼ਾਵਾਂ

ਇਤਿਹਾਸਕ ਨਜ਼ਰੀਏ ਤੋਂ ਪੰਜਾਬੀ ਇਕ ਵਿਸ਼ਾਲ ਭੂਗੋਲਿਕ ਖੇਤਰ ਦੀ ਭਾਸ਼ਾ ਹੈ। ਪਰੰਤੂ ਪੰਜਾਬ ਦੀਆਂ ਰਾਜਨੀਤਕ ਹੱਦਾਂ ਕਦੇ ਵੀ ਬਹੁਤੇ ਸਮੇਂ ਤੱਕ ਸਥਿਰ ਨਹੀਂ ਰਹੀਆਂ। ਪਹਿਲਾਂ ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਅੱਡ-ਅੱਡ ਕੀਤੇ ਗਏ। ਫੇਰ ਪਟਿਆਲਾ ਦੀਆਂ ਰਿਆਸਤਾਂ ਦਾ ਇਲਾਕਾ ਪੰਜਾਬ ਨਾਲ ਰਲਾਇਆ ਗਿਆ। ਇਸ ਨਵੇਂ ਬਣੇ ਪੰਜਾਬ ਦੇ ਦੋ ਭਾਸ਼ਾਈ ਖੇਤਰ ਬਣਾਏ ਗਏ ਅਤੇ ਅਖ਼ੀਰ ਹਰਿਆਣੇ ਨੂੰ ਅੱਡ ਕਰ ਦਿੱਤਾ ਗਿਆ। ਕੁਝ ਇਲਾਕੇ ਹਿਮਾਚਲ ਨੂੰ ਦੇ ਦਿੱਤੇ ਗਏ। ਇੰਜ ਪੰਜਾਬ ਵਿੱਚੋਂ ਕੁਝ ਇਲਾਕੇ ਰਾਜਨੀਤਕ ਕਾਰਨਾਂ ਕਰਕੇ ਵੱਖ ਕਰ ਦਿੱਤੇ ਗਏ। ਪਰੰਤੂ ਪੰਜਾਬੀ ਭਾਸ਼ਾ ਦਾ ਖੇਤਰ ਅੱਜ ਵੀ ਭਾਰਤੀ ਪੰਜਾਬ ਦੀਆਂ ਸੀਮਾਵਾਂ ਤੋਂ ਬਾਹਰ ਦੂਰ-ਦੂਰ ਤੱਕ ਫੈਲਿਆ ਹੈ। ਪੰਜਾਬੀ ਭਾਸ਼ਾ ਆਪਣੀ ਉਪਭਾਸ਼ਾਵਾਂ ਦੇ ਰੂਪ ਵਿਚ ਜੀਉਂਦੀ ਹੈ।

1947 ਵਿਚ ਭਾਰਤ-ਪਾਕਿਸਤਾਨ ਵੰਡ ਉਪਰੰਤ ਉਪਭਾਸ਼ਾਵਾਂ ਨੂੰ ਦੋ ਭਾਗਾਂ ਵਿਚ ਵੰਡ ਕੇ ਵੇਖਿਆ ਜਾਂਦਾ ਹੈ—ਪੱਛਮੀ ਪੰਜਾਬ ਦੀਆਂ ਉਪਭਾਸ਼ਾਵਾਂ ਅਤੇ ਪੂਰਬੀ ਪੰਜਾਬ ਦੀਆਂ ਉਪਭਾਸ਼ਾਵਾਂ।

ਪੱਛਮੀ ਪੰਜਾਬ ਦੀਆਂ ਉਪਭਾਸ਼ਾਵਾਂ ਪਾਕਿਸਤਾਨੀ ਪੰਜਾਬ ਵਿਚ ਬੋਲੀਆਂ ਜਾਂਦੀਆਂ ਹਨ। ਇਹਨਾਂ ਵਿਚ ਮੁਲਤਾਨੀ/ਪੋਠੋਹਾਰੀ/ਲਹਿੰਦੀ/ਹਿੰਦਕੋ ਆਦਿ ਉਪਭਾਸ਼ਾਵਾਂ ਸ਼ਾਮਿਲ ਹਨ। ਦੂਜੇ ਪਾਸੇ ਜਿਹੜੀਆਂ ਉਪਭਾਸ਼ਾਵਾਂ ਭਾਰਤੀ ਪੰਜਾਬ ਵਿਚ ਬੋਲੀਆਂ ਜਾਂਦੀਆਂ ਹਨ, ਉਹਨਾਂ ਨੂੰ ਪੂਰਬੀ ਪੰਜਾਬ ਦੀਆਂ ਉਪਭਾਸ਼ਾਵਾਂ ਕਿਹਾ ਜਾਂਦਾ ਹੈ। ਇਹਨਾਂ ਉਪਭਾਸ਼ਾਵਾਂ ਵਿਚ ਮਾਝੀ/ਦੁਆਬੀ/ਮਲਵਈ/ਪੁਆਧੀ ਸ਼ਾਮਿਲ ਹਨ।

ਇਹਨਾਂ ਪੂਰਬੀ ਪੰਜਾਬ ਦੀਆਂ ਉਪਭਾਸ਼ਾਵਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਜਾਂ ਲੱਛਣ ਜਾਂ ਪਛਾਣ ਚਿੰਨ੍ਹ ਹੇਠ ਲਿਖੇ ਅਨੁਸਾਰ ਹਨ:

**ਮਾਝੀ**

ਮਾਝੀ 'ਮਾਝਾ' ਇਲਾਕੇ ਦੀ ਬੋਲੀ ਜਾਂ ਉਪਭਾਸ਼ਾ ਹੈ। 'ਮਾਝਾ' ਸ਼ਬਦ ਦਾ ਅਰਥ ਹੈ—ਵਿਚਕਾਰਲਾ। ਰਾਵੀ ਅਤੇ ਬਿਆਸ ਦਰਿਆ ਦੇ ਵਿਚਕਾਰਲੇ ਖੇਤਰ ਨੂੰ ਮਾਝਾ ਕਹਿੰਦੇ ਹੈ। ਇਸ ਲਈ ਇਸ ਖੇਤਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ 'ਮਾਝੀ' ਕਿਹਾ ਜਾਂਦਾ ਹੈ।

**ਖੇਤਰ** : ਭਾਰਤੀ ਪੰਜਾਬ ਵਿਚ ਮਾਝੀ ਪੂਰੇ ਜ਼ਿਲ੍ਹਾ ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ, ਫ਼ਿਰੋਜ਼ਪੁਰ ਜ਼ਿਲ੍ਹੇ ਦੇ ਕੁਝ ਖੇਤਰ, ਬਿਆਸ ਦਰਿਆ ਦੇ ਦੁਆਬੇ ਵਾਲੇ ਪਾਸੇ ਲਗਦੇ ਕੁਝ ਖੇਤਰਾਂ ਵਿਚ ਬੋਲੀ ਜਾਂਦੀ ਹੈ।

**ਪਛਾਣ ਚਿੰਨ੍ਹ** : ਮਾਝੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਜਾਂ ਪਛਾਣ ਚਿੰਨ੍ਹ ਨਿਮਨ-ਲਿਖਤ ਅਨੁਸਾਰ ਹਨ :

- ਮਾਝੀ ਵਿਚ ਤਿੰਨ ਸੁਰਾਂ ਭਾਵ ਉੱਚੀ ਸੁਰ/ਨੀਵੀਂ ਸੁਰ/ਵਿਚਕਾਰਲੀ ਸੁਰ ਉਚਾਰੀਆਂ ਜਾਂਦੀਆਂ ਹਨ। ਅਖੰਡੀ ਧੁਨੀ 'ਸੁਰ' ਮਾਝੀ ਦਾ ਪਛਾਣ ਚਿੰਨ੍ਹ ਹੈ। /ਹ/ ਧੁਨੀ ਉੱਤੇ ਬੇਹੱਦ ਜ਼ੋਰ ਦਿੱਤਾ ਜਾਂਦਾ ਹੈ। ਮਿਸਾਲ ਵਜੋਂ 'ਦੇਣਾ' ਲਈ 'ਦੇਹਣਾ' ਅਤੇ 'ਲੈਣਾ' ਲਈ 'ਲੈਹਣਾ' ਉਚਾਰਿਆ ਜਾਂਦਾ ਹੈ।
- ਮਾਝੀ ਵਿਚ /ਙ/ਞ/ਣ/ਲ/ਮ/ ਪੰਜੇ ਨਾਸਕੀ ਧੁਨੀਆਂ, ਜਿਹਨਾਂ ਦਾ ਉਚਾਰਨ ਨੱਕ ਰਾਹੀਂ ਹੁੰਦਾ ਹੈ, ਮੌਜੂਦ ਹਨ; ਪਰੰਤੂ /ਞ/ਙ/ ਧੁਨੀਆਂ ਦੀ ਵਰਤੋਂ ਬੇਹੱਦ ਘੱਟ ਹੈ।
- ਮਾਝੀ ਵਿਚ /ਅ/ ਧੁਨੀ ਦੀ ਵਰਤੋਂ ਉਚਾਰਨ ਤੱਕ /-ਆਉ/ ਹੈ—ਕਰਾਉਣਾ, ਸਜਾਉਣਾ, ਬਣਾਉਣਾ ਆਦਿ।
- ਮਾਝੀ ਵਧੇਰੇ ਸੰਜੋਗਾਤਮਕ ਹੈ। ਮਾਝੀ ਵਿਚ ਸਕੂਲੇ ਗਿਆ, ਘਰੇ ਹੈ, ਮੁੜ੍ਹਦੇ ਪੈਰੀਂ, ਅੱਖੀਂ ਡਿੱਠਾ, ਹੱਥੀਂ ਕੀਤਾ, ਗੱਡੀਓਂ ਉਤਰਿਆ, ਬੱਸੇ ਚੜ੍ਹਿਆ ਆਦਿ ਉਚਾਰਨ ਆਮ ਮਿਲਦੇ ਹਨ।
- ਮਾਝੀ ਵਿਚ ਭਾਵੇਂ 'ਤੁਹਾਡਾ', 'ਤੁਹਾਡੇ', 'ਤੁਹਾਨੂੰ' ਆਦਿ ਪੜਨਾਂਵ ਲਿਖੇ ਜਾਂਦੇ ਹਨ, ਪਰੰਤੂ ਉਚਾਰਨ ਪੱਧਰ ਉੱਤੇ 'ਧੁਹਾਡਾ', 'ਧੁਹਾਡੇ', 'ਧੁਹਾਨੂੰ' ਦੀ ਵਰਤੋਂ ਹੀ ਕੀਤੀ ਜਾਂਦੀ ਹੈ।
- ਮਾਝੀ ਵਿਚ 'ਡਿਹਾ', 'ਡੇਹੇ' ਸ਼ਬਦ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ—ਕੀ ਕਰਨ ਡਿਹਾ ? ਕੀ ਕਰਨ ਡਹੇ ਆਦਿ।
- ਮਾਝੀ ਵਿਚ ਪੜਨਾਂਵੀਂ ਪਿਛੇਤਰਾਂ ਦੀ ਬਹੁਤ ਵਰਤੋਂ ਹੈ—ਕੀ ਆਖਿਆ **ਈ** (ਤੂੰ), ਕੀ ਕੀਤਾ **ਜੇ** (ਤੁਸੀਂ), ਕੀ ਆਖਿਆ **ਸੂ** (ਉਸ) ਆਦਿ।
- ਮਾਝੀ ਦੇ ਨਿਵੇਕਲੇ ਸ਼ਬਦਾਂ ਵਿਚ—'ਰੁਮਾਨ' (ਅਰਾਮ), 'ਭਾ ਜਾਂ ਭਾਉ' (ਭਰਾ), 'ਕੂਣਾ' (ਕਹਿਣਾ), 'ਬੁੱਢੀ' (ਘਰਵਾਲੀ), 'ਲੌਢੇ ਵੇਲੇ (ਤਰਕਾਲਾਂ), 'ਯਾਰਾਂ' (ਗਿਆਰਾਂ), 'ਸਲੂਣਾ' (ਸਬਜ਼ੀ) ਆਦਿ ਸ਼ਾਮਿਲ ਹਨ।

**ਦੁਆਬੀ**

ਦੁਆਬੀ ਪੰਜਾਬ ਦੇ ਦੁਆਬਾ ਇਲਾਕੇ ਦੀ ਉਪਭਾਸ਼ਾ ਹੈ। 'ਦੁਆਬ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਹੜਾ ਦੋ ਸ਼ਬਦਾਂ ਦੋ+ਆਬ ਦੇ ਸੁਮੇਲ ਤੋਂ ਬਣਿਆ ਹੈ। ਇਸ ਦੇ ਅਰਥ ਹਨ—ਦੋ ਦਰਿਆਵਾਂ ਦਾ ਇਲਾਕਾ। ਸਤਲੁਜ ਅਤੇ ਬਿਆਸ ਦੋ ਦਰਿਆਵਾਂ ਦੇ ਵਿਚਕਾਰਲੇ ਖੇਤਰ ਦੀ ਬੋਲੀ 'ਦੁਆਬੀ' ਹੈ।

**ਖੇਤਰ**: ਦੁਆਬੀ ਉਪਭਾਸ਼ਾ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ।

**ਪਛਾਣ ਚਿੰਨ੍ਹ**: ਦੁਆਬੀ ਦੇ ਪ੍ਰਮੁੱਖ ਪਛਾਣ ਚਿੰਨ੍ਹ ਨਿਮਨਲਿਖਤ ਅਨੁਸਾਰ ਹਨ :

- ਦੁਆਬੀ ਉਪਭਾਸ਼ਾ ਵਿਚ /ਙ/ਞ/ ਨਾਸਿਕੀ ਧੁਨੀਆਂ ਦਾ ਉਚਾਰਨ ਨਹੀਂ ਹੁੰਦਾ।
- ਦੁਆਬੀ ਉਪਭਾਸ਼ਾ ਵਿਚ ਤਿੰਨੇ ਪ੍ਰਕਾਰ ਦੀਆਂ ਸੁਰਾਂ—ਉੱਚੀ, ਮੱਧਮ ਅਤੇ ਨੀਵੀਂ ਕਰਮਸ਼ੀਲ ਹਨ।
- ਦੁਆਬੀ ਉਪਭਾਸ਼ਾ ਵਿਚ /ਵ/ ਧੁਨੀ /ਬ/ ਵਿਚ ਪਰਿਵਰਤਿਤ ਹੋ ਜਾਂਦੀ ਹੈ। ਜਿਵੇਂ ਵਿਚ (ਬਿਚ), ਵਾਰਨਾ (ਬਾਰਨਾ), ਵਾਗਾਂ (ਬਾਗਾਂ), ਵਾਰ-ਵਾਰ (ਬਾਰ-ਬਾਰ), ਵਿਆਹ (ਬਿਆਹ), ਵਾਲ (ਬਾਲ), ਵੱਡਾ (ਬੱਡਾ), ਵੀਰ (ਬੀਰ) ਆਦਿ।
- ਦੁਆਬੀ ਵਿਚ /ਓ/ ਸੁਰ ਲੋਪ ਕਰ ਦਿੱਤਾ ਜਾਂਦਾ ਹੈ ਅਤੇ ਸੁਰ /ਏ/ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਘਿਉ (ਘੇ), ਪਿਉ (ਪੇ), ਦਿਓ (ਦੇ) ਆਦਿ।
- ਦੁਆਬੀ ਉਪਭਾਸ਼ਾ ਵਿਚ ਸ਼ਬਦ ਦੇ ਅੰਤ ਵਿਚਲੀ /ਰ/ ਧੁਨੀ ਨੂੰ ਲੋਪ ਕਰ ਦਿੱਤਾ ਜਾਂਦਾ ਹੈ। ਜਿਵੇਂ ਦੋਤਰਾ (ਦੋਤਾ), ਪੁੱਤਰ (ਪੁੱਤ), ਦਾਤਰੀ (ਦਾਤੀ), ਪੋਤਰਾ (ਪੋਤਾ), ਸੂਤਰ (ਸੂਤ) ਆਦਿ।
- ਦੁਆਬੀ ਵਿਚ ਸ਼ਬਦ ਦੇ ਅੰਤ ਵਿਚਲੇ /ਵ/ ਨੂੰ ਕਈ ਸਥਿਤੀਆਂ ਵਿਚ /ਦ/ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਜਿਵੇਂ ਇਵੇਂ (ਇੱਦਾਂ), ਕਿਵੇਂ (ਕਿੱਦਾਂ), ਓਵੇਂ (ਉੱਦਾਂ), ਜਿਵੇਂ (ਜਿੱਦਾਂ) ਆਦਿ।
- ਦੁਆਬੀ ਵਿਚ ਸਹਾਇਕ ਕਿਰਿਆ /ਸੀ/ ਦੀ ਥਾਂ ਉੱਤੇ ਸੀਗਾ, ਸੀਗੀ, ਸੀਗੇ, ਸੀਗੀਆਂ ਆਦਿ ਉਚਾਰਿਆ ਜਾਂਦਾ ਹੈ।
- ਦੁਆਬੀ ਵਿਚ ਭਵਿੱਖਤ ਕਿਰਿਆ ਰੂਪ ਆਵਾਂਗਾ (ਆਮਾਂਗਾ), ਆਵਾਂਗੀ (ਆਮਾਂਗੀ), ਆਵਾਂਗੇ (ਆਮਾਂਗੇ) ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।
- ਦੁਆਬੀ ਦੇ ਖ਼ਾਸ ਪਛਾਣ-ਚਿੰਨ੍ਹਾਂ ਵਿਚ ਜੰਞ (ਜਨੇਤ), ਅਨੰਦ ਕਾਰਜ (ਫੇਰੇ), ਮਾਂ (ਬੀਬੀ), ਪਿਤਾ (ਭਾ, ਭਾਈਆ, ਭਾਪਾ), ਭਰਾ (ਭਾ ਜੀ), ਆਦਿ ਨਾਂਵ ਸ਼ਾਮਿਲ ਹਨ।

## ਪੁਆਧੀ

ਪੁਆਧ ਸ਼ਬਦ ਸੰਸਕ੍ਰਿਤ ਦੇ 'ਪੂਰਵ-ਅਰਧ' ਤੋਂ ਉਪਜਿਆ ਹੈ। ਇਸ ਦਾ ਅਰਥ ਹੈ—ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ ਅਰਥਾਤ ਪੂਰਬੀ ਪੰਜਾਬ ਦਾ ਅੱਧ। ਪੰਜਾਬ ਦੇ ਪੂਰਬੀ ਭਾਗ ਨੂੰ 'ਪੁਆਧ', ਪੁਆਧ ਦੇ ਲੋਕਾਂ ਨੂੰ 'ਪੁਆਧੀਏ' ਅਤੇ ਪੰਜਾਬ ਦੀ ਬੋਲੀ ਨੂੰ 'ਪੁਆਧੀ ਕਿਹਾ ਜਾਂਦਾ ਹੈ।

**ਖੇਤਰ** : ਪੁਆਧੀ ਦੇ ਖੇਤਰ ਵਿਚ ਜ਼ਿਲ੍ਹਾ ਰੋਪੜ, ਪਟਿਆਲਾ ਦਾ ਪੂਰਬੀ ਹਿੱਸਾ, ਜ਼ਿਲ੍ਹਾ ਸੰਗਰੂਰ ਦੇ ਮਲੇਰਕੋਟਲਾ ਵੱਲ ਦਾ ਖੇਤਰ, ਅੰਬਾਲਾ, ਜੀਂਦ ਦਾ ਪੱਛਮੀ ਹਿੱਸਾ ਆਦਿ ਸ਼ਾਮਿਲ ਹਨ।

**ਪਛਾਣ-ਚਿੰਨ੍ਹ** : ਪੁਆਧੀ ਦੇ ਪ੍ਰਮੁੱਖ ਪਛਾਣ ਚਿੰਨ੍ਹ ਨਿਮਨਲਿਖਤ ਅਨੁਸਾਰ ਹਨ :

- ਪੁਆਧੀ ਵਿਚ /ੜ/ਵ/ਸ਼/ ਧੁਨੀਆਂ ਨਹੀਂ ਉਚਾਰੀਆਂ ਜਾਂਦੀਆਂ।
- ਪੁਆਧੀ ਵਿਚ ਤਿੰਨੇ ਸੁਰਾਂ—ਉੱਚੀ, ਮੱਧਮ ਅਤੇ ਨੀਂਵੀਂ ਦੀ ਵਰਤੋਂ ਹੁੰਦੀ ਹੈ।
- ਪੁਆਧੀ ਉਪਭਾਸ਼ਾ ਵਿਚ ਸ਼ਬਦ ਦੇ ਮੱਧ ਜਾਂ ਅੰਤ ਵਿਚਲੀ /ਵ/ ਧੁਨੀ /ਮ/ ਅਤੇ /ਬ/ ਵਿਚ ਪਰਿਵਰਤਿਤ ਹੋ ਜਾਂਦੀ ਹੈ। ਜਿਵੇਂ ਸਵੇਰ (ਸਬੇਰ), ਸਵਾਰ (ਸਬਾਰ), ਵੀਰ (ਬੀਰ), ਵਾਲ (ਬਾਲ), ਤਵੀਤ (ਤਬੀਤ), ਵੇਚਣਾ (ਬੇਚਣਾ), ਐਵੇਂ (ਐਮੇਂ), ਸਿਰਨਾਵਾਂ (ਸਿਰਨਾਮਾਂ), ਤੀਵੀਂ (ਤੀਮੀਂ), ਜਾਵਾਂਗਾ (ਜਾਮਾਗਾਂ), ਜਵਾਈ (ਜਮਾਈ) ਆਦਿ।
- ਪੁਆਧੀ ਦੀ ਭੂਤਕਾਲੀ ਸਹਾਇਕ ਕਿਰਿਆ ਵਿਚ ਸੀ (ਭੀ), ਸਨ (ਤੇ), ਸਨ (ਤੀਆਂ), ਵਰਤਮਾਨ ਸਹਾਇਕ ਕਿਰਿਆ ਵਿਚ ਜਾਂਦਾ ਹੈ (ਜਾਹਾ), ਦੇਂਦਾ ਹੈ (ਦੇਹਾ), ਖਾਂਦਾ ਹੈ (ਖਾਹਾ), ਤੋੜਦਾ ਹੈ (ਤੋੜਾ) ਆਦਿ ਰੂਪ ਮਿਲਦੇ ਹਨ।
- ਪੁਆਧੀ ਦੇ ਪੜਨਾਂਵੀਂ ਰੂਪਾਂ ਵਿਚ ਅਸੀਂ (ਹਮੇ/ਹਮੇਂ), ਤੂੰ (ਥਮ), ਤੁਸੀਂ (ਥਮੇ), ਸਾਡੇ (ਮ੍ਹਾਰੇ), ਤੁਹਾਡੇ (ਥਾਰੇ), ਸਾਨੂੰ (ਹਮਾਨੂੰ), ਮੈਨੂੰ (ਮ੍ਹਾਨੂੰ), ਤੈਨੂੰ (ਥਾਨੂੰ), ਇਹ (ਇਯੋ, ਇਯੇ) ਆਦਿ ਰੂਪ ਵਰਤੇ ਜਾਂਦੇ ਹਨ।
- ਪੁਆਧੀ ਦੇ ਪ੍ਰਸ਼ਨਵਾਚੀ ਪੜਨਾਂਵੀਂ ਰੂਪਾਂ ਵਿਚ ਕਿਉਂ (ਕਾ ਤੇ), ਕਿਸ ਦਾ (ਕਿੱਕਾ), ਕਿਸ ਨੂੰ (ਕਿਨੂੰ), ਕਿਸ (ਕਾਸ), ਕਿਹਨਾਂ ਨੂੰ (ਕਿਨ੍ਹਾਂ ਨੂੰ) ਆਦਿ ਰੂਪ ਵਰਤੇ ਜਾਂਦੇ ਹਨ।
- ਪੁਆਧੀ ਦੇ ਕਿਰਿਆ ਵਿਸ਼ੇਸ਼ਣ ਵੀ ਵੱਖਰੀ ਪ੍ਰਕਾਰ ਦੇ ਹਨ। ਜਿਵੇਂ ਹੁਣ (ਇਬ, ਅਬ), ਐਤਕਾਂ (ਇਬਕੇ), ਇੰਞ (ਇਕਣ), ਜਿਵੇਂ (ਜੀਕਣ), ਓਦੋਂ (ਓਗਲ) ਆਦਿ।
- ਪੁਆਧੀ ਉਪਭਾਸ਼ਾ ਦੇ ਸੰਬੰਧਕ ਵੀ ਨਿਵੇਕਲੀ ਕਿਸਮ ਦੇ ਹਨ। ਜਿਵੇਂ—ਕਿਸ ਵਿਚ (ਕਾਸ ਮਾਂ), ਕਿਸ ਲਈ ਜਾਂ ਕਿਸ ਕਰਕੇ (ਕਾ ਤੇ), ਕਿਸ ਦਾ (ਕਿਸ ਕਾ, ਕਿੱਕਾ), ਘਰ ਵਿਚ (ਘਰ ਮਾਂ), ਜਿਸ ਨੂੰ (ਜਾਸ ਨੂੰ), ਉੱਤੇ (ਪਰ) ਆਦਿ।
- ਪੁਆਧੀ ਦੀ ਨਿਵੇਕਲੀ ਸ਼ਬਦਾਵਲੀ ਵਿਚ ਡੰਗਰ (ਗੋਰੂ), ਗੰਢ (ਗੰਠ), ਕੁੜੀ (ਛੋਕਰੀ), ਮੱਝ (ਮ੍ਹੈਂਸ), ਕੜਾਹੀ (ਚਾਸਣੀ), ਗਊ (ਗੈਂ), ਸਵੇਰ (ਉਗਣ), ਸ਼ਾਮ (ਆਥਨ), ਭਾਂਡਾ (ਬਾਸਣ), ਸਥਾਨ (ਥੋੜ੍ਹ) ਆਦਿ ਪ੍ਰਚਲਿਤ ਹਨ।

## ਮਲਵਈ

ਮਲਵਈ ਸ਼ਬਦ 'ਮਾਲਵ' ਤੋਂ ਬਣਿਆ ਹੈ। ਮਾਲਵ ਆਰਿਆ ਲੋਕਾਂ ਦੀ ਜਾਤੀ ਸੀ। ਅਜੋਕੇ ਪੰਜਾਬ ਵਿਚ ਮਾਲਵੇ ਦਾ ਖੇਤਰ ਕਾਫ਼ੀ ਵੱਡਾ ਹੈ। ਮਾਲਵੇ ਇਲਾਕੇ ਦੀ ਇਲਾਕਾਈ ਬੋਲੀ ਨੂੰ 'ਮਲਵਈ' ਕਿਹਾ ਜਾਂਦਾ ਹੈ।

**ਖੇਤਰ** : ਮਲਵਈ ਦੇ ਖੇਤਰ ਵਿਚ ਜ਼ਿਲ੍ਹਾ ਬਠਿੰਡਾ, ਮਾਨਸਾ, ਫ਼ਰੀਦਕੋਟ, ਮੋਗਾ, ਮੁਕਤਸਰ, ਲੁਧਿਆਣਾ, ਸੰਗਰੂਰ, ਫ਼ਿਰੋਜ਼ਪੁਰ ਜ਼ਿਲ੍ਹੇ ਦਾ ਕੁਝ ਹਿੱਸਾ ਅਤੇ ਪਟਿਆਲੇ ਜ਼ਿਲ੍ਹੇ ਦਾ ਪੱਛਮੀ ਹਿੱਸਾ ਸ਼ਾਮਿਲ ਹਨ।

**ਪਛਾਣ-ਚਿੰਨ੍ਹ** : ਮਲਵਈ ਦੇ ਪ੍ਰਮੁੱਖ ਪਛਾਣ ਚਿੰਨ੍ਹ ਨਿਮਨਲਿਖਤ ਅਨੁਸਾਰ ਹਨ :

- ਮਲਵਈ ਉਪਭਾਸ਼ਾ ਵਿਚ /ਙ/ਞ/ ਨਾਸਕੀ ਧੁਨੀਆਂ ਨਹੀਂ ਉਚਾਰੀਆਂ ਜਾਂਦੀਆਂ।
- ਮਲਵਈ ਉਪਭਾਸ਼ਾ ਵਿਚ /ਯ/ ਅਤੇ /ਵ/ ਅਰਧ ਸੁਰ ਦੀ ਵਰਤੋਂ ਬਹੁਤ ਘੱਟ ਹੈ।
- ਮਲਵਈ ਉਪਭਾਸ਼ਾ ਵਿਚ /ਸ਼/ ਧਨੀ ਦੀ ਵਰਤੋਂ ਬਹੁਤ ਘੱਟ ਹੈ, ਜਦ ਕਿ /ਸ/ ਧੁਨੀ ਦੀ ਵਰਤੋਂ ਵਧੇਰੇ ਹੈ।
- ਮਲਵਈ ਉਪਭਾਸ਼ਾ ਵਿਚ ਸ਼ਬਦਾਂ ਦੇ ਆਰੰਭ ਵਿਚ ਆਉਂਦੇ /ਅ/ ਸੁਰ ਨੂੰ ਉਚਾਰਨ ਦੀ ਰੁਚੀ ਨਹੀਂ। ਜਿਵੇਂ ਅਕਾਲੀ (ਕਾਲੀ), ਅਨੰਦ (ਨੰਦ), ਅਖੰਡ (ਖੰਡ), ਅਦਾਲਤ (ਦਾਲਤ), ਅਰਾਮ (ਰਾਮ) ਆਦਿ।
- ਮਲਵਈ ਉਪਭਾਸ਼ਾ ਵਿਚ ਆਰੰਭ ਵਿਚ ਆਉਂਦੇ /ਇ/ ਸੁਰ ਨੂੰ ਵੀ ਲੋਪ ਕਰ ਦਿੱਤਾ ਜਾਂਦਾ ਹੈ। ਜਿਵੇਂ ਇਲਾਜ (ਲਾਜ), ਸ਼ਿਕਾਰ (ਸ਼ਕਾਰ), ਸਿੰਜਾਈ (ਸੰਜਾਈ), ਬਿਮਾਰ (ਬਮਾਰ) ਆਦਿ।
- ਮਲਵਈ ਵਿਚ ਸ਼ਬਦ ਦੀ ਆਰੰਭਲੀ /ਵ/ ਧੁਨੀ /ਮ/ ਵਿਚ ਤਬਦੀਲ ਹੋ ਜਾਂਦੀ ਹੈ। ਜਿਵੇਂ ਵੀਹ (ਬੀਹ), ਵੀਰ (ਬੀਰ), ਵੱਟਾ (ਬਟਾ), ਵਾਹੀ (ਬਾਹੀ) ਆਦਿ।
- ਮਲਵਈ ਉਪਭਾਸ਼ਾ ਵਿਚ ਤਿੰਨੇ ਸੁਰਾਂ—ਉੱਚੀ, ਮੱਧਮ ਅਤੇ ਨੀਵੀਂ ਦਾ ਉਚਾਰਨ ਕੀਤਾ ਜਾਂਦਾ ਹੈ।
- ਮਲਵਈ ਵਿਚ ਨਾਸਿਕਤਾ ਦੀ ਰੁਚੀ ਵਧੇਰੇ ਹੋਣ ਕਾਰਨ ਬਿੰਦੀ ਅਤੇ ਟਿੱਪੀ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਜਿਵੇਂ—ਤਾਸ਼ (ਤਾਂਸ਼), ਚਾਹੀਦਾ (ਚਾਹੀਂਦਾ), ਸਾਈਕਲ (ਸ਼ੈਂਕਲ), ਸ਼ਾਇਦ (ਸ਼ੈਂਤ), ਕੱਚ (ਕੰਚ), ਪੁਛ (ਪੁੰਛ), ਕਰੀਦਾ (ਕਰੀਂਦਾ) ਆਦਿ।
- ਮਲਵਈ ਉਪਭਾਸ਼ਾ ਕਈ ਥਾਵਾਂ ਉੱਤੇ /ਵ/ ਧੁਨੀ /ਮ/ ਵਿਚ ਤਬਦੀਲ ਹੋ ਜਾਂਦੀ ਹੈ। ਜਿਵੇਂ ਜਾਵਾਂਗਾ (ਜਾਮਾਂਗਾ), ਖਾਵੇਂਗਾ (ਖਾਮੇਂਗਾ), ਤਿਵੇਂ (ਤਿਮੇਂ), ਜਿਵੇਂ (ਜਿਮੇਂ), ਇਵੇਂ (ਇਮੇਂ) ਆਦਿ।

- ਮਲਵਈ ਦੇ ਪੜਨਾਵੀਂ ਰੂਪਾਂ ਵਿਚ ਵੱਖਰਤਾ ਮਿਲਦੀ ਹੈ। ਜਿਵੇਂ ਤੂੰ (ਤੈਂ), ਤੁਹਾਡਾ (ਥੋਡਾ), ਤੁਹਾਨੂੰ (ਥੋਨੂੰ) ਆਪਣਾ (ਆਪਦਾ ਜਾਂ ਆਵਦਾ) ਆਦਿ।
- ਮਲਵਈ ਉਪਭਾਸ਼ਾ ਵਿਚ /ਦਾ/ਦੇ/ਦੀ/ ਸੰਬੰਧਕਾਂ ਦਾ ਵਰਤਿਆ ਜਾਣ ਵਾਲਾ ਰੂਪ /ਕਾ/ਕੇ/ਕੀ/ ਹੈ। ਜਿਵੇਂ ਨਿਰੰਜਨ ਕੇ ਖੇਤ, ਜਰਨੈਲੇ ਕਾ ਮੁੰਡਾ, ਜਰਨੈਲੇ ਕੀ ਤੀਮੀਂ ਆਦਿ।
- ਮਲਵਈ ਵਿਚ ਭਵਿੱਖਤ ਕਿਰਿਆ ਵੀ ਵੱਖਰੀ ਪ੍ਰਕਾਰ ਦੀ ਹੈ। ਜਿਵੇਂ ਖਾਵਾਂਗਾ (ਖਾਊਂਗਾ), ਜਾਵਾਂਗਾ (ਜਾਊਂਗਾ), ਕਰਾਂ (ਕਰੂੰ), ਖਾਵਾਂ (ਖਾਊਂ) ਆਦਿ।
- ਮਲਵਈ ਦੇ ਕਿਰਿਆਵੀਂ ਰੂਪਾਂ ਵਿਚ ਵੱਖਰਤਾ ਮਿਲਦੀ ਹੈ। ਜਿਵੇਂ ਨਹੀਂ ਖਾਇਆ ਜਾਂਦਾ (ਨਹੀਂ ਖਾਈਦਾ), ਨਹੀਂ ਪੜ੍ਹਿਆ ਜਾਂਦਾ (ਨਹੀਂ ਪੜ੍ਹੀਦਾ), ਨਹੀਂ ਬੋਲਿਆ ਜਾਂਦਾ (ਨਹੀਂ ਬੋਲੀਦਾ) ਆਦਿ।
- ਮਲਵਈ ਉਪਭਾਸ਼ਾ ਦੀ ਨਿਵੇਕਲੀ ਸ਼ਬਦਾਵਲੀ ਵਿਚ ਅੱਗੇ (ਮੂਹਰੇ), ਬਹੁਤ (ਬਾਹਲਾ), ਕਲ੍ਹ (ਭਲਕੇ), ਜਿਸ ਦਿਨ (ਜਿੱਦਣ), ਮੈਂ (ਮੈਥੋਂ), ਵਹੁਟੀ (ਬੁੱਢੀ), ਊਂਠ (ਬੋਤਾ), ਗਊਂ (ਢਾਂਡੀ), ਮੱਝ (ਖੋਲਾ) ਆਦਿ ਪ੍ਰਚਲਿਤ ਰੂਪ ਹਨ।
- ਮਲਵਈ ਵਿਚ ਵਿਅੰਜਨਾਂ ਦਾ ਅੰਤਰ-ਵਟਾਂਦਰਾ ਆਮ ਮਿਲਦਾ ਹੈ। ਜਿਵੇਂ ਸ਼ੇਰ ਨੂੰ ਛੇਰ, ਛਿੱਤਰ ਨੂੰ ਸ਼ਿੱਤਰ, ਛਾਂ ਨੂੰ ਸਾਂ, ਸਾਈਕਲ ਨੂੰ ਸ਼ੈਕਲ, ਸਰਦੀ ਨੂੰ ਸ਼ਰਦੀ, ਸ਼ਤਾਨ ਨੂੰ ਛਤਾਨ, ਸੜਕ ਨੂੰ ਛੜਕ, ਸ਼ੁਗਲ ਨੂੰ ਛੁਗਲ, ਸ਼ਰਮ ਨੂੰ ਛਰਮ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।
- ਮਲਵਈ ਉਪਭਾਸ਼ਾ ਵਿਚ ਸ਼ਬਦ ਦੇ ਅੰਤਮ ਸਵਰ 'ਆ' ਨੂੰ 'ਐ' ਉਚਾਰਿਆ ਜਾਂਦਾ ਹੈ। ਜਿਵੇਂ ਗਿਆ (ਗਿਐ), ਆਇਆ (ਆਇਐ), ਕੀਤਾ (ਕੀਤੈ), ਕਰਨਾ (ਕਰਨੈ) ਆਦਿ।
- ਮਲਵਈ ਉਪਭਾਸ਼ਾ ਮਾਝੀ ਨਾਲੋਂ ਵਧੇਰੇ ਵਿਯੋਗਾਤਮਕ ਹੈ। ਜਿਥੇ ਮਾਝੀ ਵਿਚ ਕਾਰਕੀ ਪਿਛੇਤਰ ਵਰਤੇ ਜਾਂਦੇ ਹਨ, ਉਥੇ ਮਲਵਈ ਵਿਚ ਕਾਰਕੀ ਪਿਛੇਤਰ ਕਾਰਕੀ ਸੰਬੰਧਕ ਵਿਚ ਪਰਿਵਰਤਿਤ ਹੋ ਜਾਂਦੇ ਹਨ। ਜਿਵੇਂ ਕਾਲਜੋਂ (ਕਾਲਜ ਤੋਂ), ਘਰੇ (ਘਰ ਵਿਚ), ਹੱਥੀਂ (ਹੱਥ ਨਾਲ) ਆਦਿ।
- ਮਲਵਈ ਉਪਭਾਸ਼ਾ ਵਿਚ ਸ਼ਬਦ ਦੇ ਅੰਤ ਉੱਤੇ /ਰ/ ਦੀ ਵਰਤੋਂ ਮਾਝੀ ਦੇ ਮੁਕਾਬਲਤਨ ਖ਼ਤਮ ਹੋ ਚੁੱਕੀ ਹੈ। ਜਿਵੇਂ ਚੌਂਤਰਾ (ਚੌਂਤਾ), ਪੋਤਰਾ (ਪੋਤਾ), ਦਾਤਰੀ (ਦਾਤੀ), ਵਤਰ (ਵੱਤ) ਆਦਿ।

ਪੂਰਬੀ ਪੰਜਾਬ ਦੀਆਂ ਉਪਭਾਸ਼ਾਵਾਂ ਮਾਝੀ, ਦੁਆਬੀ, ਪੁਆਧੀ ਅਤੇ ਮਲਵਈ, ਜਿਹਨਾਂ ਸੰਬੰਧੀ ਅਸੀਂ ਉਪਰ ਵਿਸਥਾਰ ਵਿਚ ਚਰਚਾ ਕਰ ਚੁੱਕੇ ਹਾਂ, ਦੇ ਉਚਾਰਨ ਖੇਤਰਾਂ ਨੂੰ ਅਗਲੇ ਆਰੇਖ ਦੁਆਰਾ ਪ੍ਰਗਟਾਇਆ ਜਾ ਸਕਦਾ ਹੈ :

## ਪੰਜਾਬੀ ਦੀਆਂ ਉਪਭਾਸ਼ਾਵਾਂ


ਪੂਰਬੀ ਪੰਜਾਬ ਦੀਆਂ ਉਪਭਾਸ਼ਾਵਾਂ
ਪੱਛਮੀ ਪੰਜਾਬ ਦੀਆਂ ਉਪਭਾਸ਼ਾਵਾਂ
ਮਾਝੀ
ਦੁਆਬੀ
ਪੁਆਧੀ
ਮਲਵਈ
ਸਥਾਨ
ਸਥਾਨ
ਸਥਾਨ
ਸਥਾਨ
ਅੰਮ੍ਰਿਤਸਰ
ਬਟਾਲਾ
ਗੁਰਦਾਸਪੁਰ
ਜਲੰਧਰ
ਹੁਸ਼ਿਆਰਪੁਰ
ਕਪੂਰਥਲਾ
ਰੋਪੜ
ਮਲੇਰਕੋਟਲਾ
ਅੰਬਾਲਾ
ਜੀਂਦ
ਪਟਿਆਲਾ
ਬਠਿੰਡਾ
ਸੰਗਰੂਰ
ਲੁਧਿਆਣਾ
ਮੋਗਾ
ਫ਼ਿਰੋਜ਼ਪੁਰ